ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਿਕ ਪੱਤਰ


# ਸੂਰਾ

ਲੁਧਿਆਣਾ
ਮਈ 2001

SURA Monthly
LUDHIANA

MAY 2001

MAY 2001



(Gurdwara Dehra Sahib, Lahore-the symbol of the Tradition of martyrdom).

ਗੁ: ਡੇਹਰਾ ਸਾਹਿਬ ਲਾਹੌਰ

ਗੁ: ਅਰਜਨ ਦੇਵ ਜੀ ਦੀ ਅਦੁੱਤੀ ਸ਼ਹਾਦਤ ਦੀ ਯਾਦਗਾਰ

www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1.ਲੁਧਿਆਣਾ: (ੳ) ਮੁੱਖ ਦਫਤਰ ਸੂਰਾ, ਕੋਠੀ ਨੰ: 12 ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।

(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194

(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604

(ਸ) ਸ੍ਰ: ਇਕਬਾਲ ਸਿੰਘ ਜੀ ਖਾਲਸਾ ਸਾਲਜ ਮੋਚਪੁਰਾ ਬਜਾਰ, ਲੁਧਿਆਣਾ।

(ਹ) ਸ੍ਰ ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701

2.ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307

3.ਚੰਡੀਗੜ੍ਹ,ਮੋਹਾਲੀ: .ਖਰੜ, ਮੋਰਿੰਡਾ: ਭਾਈ ਗੁਰਚਰਨ ਸਿੰਘ ਜੀ, ਮਕਾਨ ਨੰ: 236, ਵਾਰਡ ਨੰ: 1, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀ: 01888-46036

4.ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5ਪਟਿਆਲਾ: 1. ਸੰਦੀਪ ਪਾਲ ਸਿੰਘ S/o ਸ੍ਰ ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜਾਰ ਪਟਿਆਲਾ ਟੈਲੀ 228703

2. ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ 14/15 ਗੁ ਦੂਖ ਨਿਵਾਰਨ ਬਜਾਰ ਪਟਿਆਲਾ ਟੈਲੀ 361415

੬.ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਤੀਪੁਰਾ।

2. ਭਾਈ ਭੁਪਿੰਦਰ ਸਿੰਘ ਜੀ ਖਾਲਸਾ, 4969ਅਜਾਦ ਨਗਰ, ਨੇੜੇ ਟਿਊਬਵੈਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ

7 ਜਲੰਧਰ: ਸ੍ਰ ਹਰਜੀਤ ਸਿੰਘ ਬੈਂਕ ਆਫ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸ਼ਹਿਰ ਫੋਨ 462065

8.ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ। ਫੋਨ 47341

੯.ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ 48, ਬਜ਼ਾਰ ਨੰ 1, ਫਿਰੋਜ਼ਪੁਰ ਛਾਉਣੀ।

10.ਪਠਾਨਕੋਟ: ਸ੍ਰ: ਹਰਭਜਨ ਸਿੰਘ M.E.S. ਪਠਾਨਕੋਟ।

11 ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ

2. ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ

3. ਸ੍ਰ ਮਲਕੀਅਤ ਸਿੰਘ ਮਾਰਫਤ ਸਰਦਾਰ ਕਲਾਥ ਹਾਊਸ ਪਿੰਡ ਨਨਹੇੜਾ ਡਾ: ਕੁਲਦੀਪ ਨਗਰ ਅੰਬਾਲਾ

12.ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819 ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743

13.ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ। ਫੋਨ ੬੨੧੨੫੩

14.ਸਰਹੰਦ: ਸ੍ਰ: ਕੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

15.ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ Tel. Shop 01704-22367, Resi.24067

16.ਬਟਾਲਾ 1. ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡਟੈਲੀ :46566

2. ਸ੍ਰ ਹਰਭਜਨ ਸਿੰਘ, ਖਾਲਸਾ ਲਾਇਬਰੇਰੀ ਬਟਾਲਾ।

17.ਦਿੱਲੀ 1. ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833

2. ਸ੍ਰ ਨਰਿੰਦਰ ਸਿੰਘ (ਰਾਮਾ) H. No.58-C IInd floor St. No. 11 New Mahavir Nagar P.O. Tilak Nagar-New Delhi 110018 PH. Resi - 5155191 Office- 590097-5449276

18.ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP.Tel: 01753-530624

19ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

20 ਆਸਟ੍ਰੇਲੀਆ: ਭਾਈ ਪਰਸੋਤਮ ਸਿੰਘ ਜੀ, ਫੋਨ : 0061-69634841

21.ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755

22. ਕੈਨੇਡਾ : 1. ਭਾਈ ਅੰਮ੍ਰਿਤ ਪਾਲ ਸਿੰਘ 20 Newman court, Brampton, Ontario L6S5T1 ਟੈਲੀ :905-4538219

੨. ਭਾਈ ਰਿਪੁਦਮਨ ਸਿੰਘ ਮਲਿਕ, ਫੋਨ : 18006630224

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੫ ਮਈ ੨੦੦੧ ਅੰਕ ੫


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਪਾ: ੩ ਅਵਤਾਰ ਧਾਰਿਆ | ੬ ਮਈ |
| ਪਾ: ੬ ਗੁਰਿਆਈ ਮਿਲੀ | ੧੫ ਮਈ |
| ਪਾ: ੫ ਜੋਤੀ ਜੋਤਿ ਸਮਾਏ | ੨੬ ਮਈ |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ |
| ਅਮਾਨਤੀ ਲਾਈਫ਼ ਮੈਂਬਰ | | 400ਰੁ |
| ਵਿਦੇਸ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ | 400ਰੁ |
| ਅਮਾਨਤੀ ਲਾਈਫ ਮੈਂਬਰ | 1400ਰੁ | 4000ਰੁ |

## ਚੰਦਾ ਭੇਜਣ ਦਾ ਪਤਾ


ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ

ਮਾਡਲ ਟਾਊਨ, ਲੁਧਿਆਣਾ-141002

Tel : 0161-428194

Fax : 0161-536340, 532147

email - 1. suraldh @ yahoo. com

2. gurkedaas@ yahoo.com



ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।



ਕੰਪਿਊਟਰ ਟਾਈਪ ਸੈਟਿੰਗ ਮਾਈਕਰੋਨਿਕਸ ਕੰਪਿਊਟਰਜ (ਇੰਡੀਆ) ਡੀ-੧੩, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003


## ਤਤਕਰਾ


- ਦਸਮੇਸ ਪਿਤਾ ਦ੍ਰਿੜਾਈ ਸੱਚੀ ਅਤੇ ਸੁੱਚੀ ਸਾਂਝੀਵਾਲਤਾ ..... ੨
- ਬਾਲ ਫੁਲਵਾੜੀ (ਕਵਿਤਾ) ..... ੩
- ਖਾਲਸੇ ਦੀ ਵਿਲਖਣਤਾ ..... ੪
- ਪੰਜ ਪਿਆਰਿਆਂ ਦੀ ਚੋਣ ਦੀ ਕਹਾਣੀ ..... ੭
- ਇਕ ਦੂ ਜੀਭੌ ਲਖ ਹੋਹਿ ..... ੧੦
- ਯਾਸਾ ਅਤੇ ਗੁਰੂ ਅਰਜਨ ਸਾਹਿਬ ..... ੧੧
- ਉਚਾ ਬੁਰਜ ਲਾਹੌਰ ਦਾ ..... ੧੯
- ਗੁਰਸਿੱਖ ਦੀ ਕਰਣੀ ..... ੨੧
- ਕੁੱਝ ਸਵਾਲ ਇਹ ਵੀ ..... ੨੨
- ਗੁਰਬਾਣੀ ਸੰਗੀਤ ..... ੨੩
- ਕਰਮ ਫਿਲਾਸਫ਼ੀ ..... ੨੪
- ਇਕੀਵੀਂ ਸਦੀ ਦੇ ਸਿੱਖ ਨੂੰ ਵੰਗਾਰ (ਕਵਿਤਾ) ..... ੨੬
- ਪਰ ਦਰਬੈ ਨੋ ਹਥ ਨ ਲਾਵੈ ..... ੨੭
- ਮਈ ਮਹੀਨੇ ਦੇ ਕੁੱਝ ਮਹੱਤਵਪੂਰਨ ਦਿਹਾੜੇ ..... ੩੦
- ਗੁਰਮਤਿ ਸਾਂਝਾ ..... ੩੨
- ਖਬਰਨਾਮਾ ..... ੩੩
- ਆਉਣ ਵਾਲੇ ਕੀਰਤਨ ਸਮਾਗਮ ..... ੩੬



ਡਿਜਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸਤ ਕੀਤਾ।





www.AKJ.Org

# ਦਸ਼ਮੇਸ਼ ਪਿਤਾ ਦ੍ਰਿੜ੍ਹਾਈ ਸੱਚੀ ਅਤੇ ਸੁੱਚੀ ਸਾਂਝੀਵਾਲਤਾ

*(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)*

ਜਿਨ੍ਹਾਂ ਜਨਾਂ ਨੂੰ ਪ੍ਰਮਾਰਥ ਦੇ ਸੱਚੇ ਰੰਗਾਂ ਦਾ ਪ੍ਰੇਮ-ਰੰਗ ਨਹੀਂ ਚੜ੍ਹਿਆ, ਉਹ ਕੀ ਜਾਨਣ ਸਾਰ ਸੱਚੀ ਸਾਝੀਵਾਲਤਾ ਦੀ। ਇਸ ਜ਼ਮਾਨੇ ਦੇ ਚਾਰ-ਦਿਵਸੀ ਚੋਜਾਂ ਅੰਦਰ ਜਿਨ੍ਹਾਂ ਨੂੰ ਧੁਰ ਧੁਰੰਦਰੋਂ ਆਈ ਸੱਚੀ ਸਾਝੀਵਾਲਤਾ ਦਾ ਰੰਗ ਨਹੀਂ ਚੜ੍ਹਿਆ, ਉਹ ਇਸ ਓਪਰੀ ਜਿਹੀ ਨਾਸਤਕਤਾ ਦੇ ਹੋਛੇ ਰੰਗਾ ਵਿਚ ਮੁੱਠੇ ਜਾਦੇ ਹਨ। ਓੜਕ ਉਹ ਨਾਸਤਕਾਂ ਦੇ ਮੰਡਲ ਵਿਚ ਹੀ ਫਿਰਨ ਲੱਗ ਪੈਂਦੇ ਹਨ ਪਰੰਤੂ ਯਾਦ ਰਹੇ ਕਿ ਇਹ ਹੋਸ਼ੀ ਨਗਮੂਰੀ ਖਾ ਕੇ, ਠੱਗੇ ਹੋਏ ਮੁੜ ਘਿੜ ਕੇ, ਫ਼ੇਰ ਗੇੜਾ ਖਾ ਕੇ ਗੁਰੂ ਘਰ ਵਿਚ ਆਵਣਗੇ। ਜਿਨ੍ਹਾਂ ਨੇ ਬੜੇ ਦਰਦ ਵਿਚ ਆਕੇ 'ਦਰਦ–ਸੁਨੇਹੇ' ਲਿਖੇ ਸਨ, ਉਹ ਜ਼ਮਾਨੇ ਦੀ ਹਵਸ ਅਨੁਸਾਰ ਚਾਹੇ ਕੁੱਛ ਕਾਲ ਲਈ ਨਾਸਤਕਤਾ ਦਾ ਗੇੜ ਖਾ ਕੇ ਗੁਰੂ ਘਰ ਦੀ ਸੱਚੀ ਸਾਂਝੀਵਾਲਤਾ ਤੋਂ ਦੂਰ ਹੋ ਗਏ ਹਨ, ਪਰ ਜਿਸ ਦਿਨ ਵੀ ਇਹ ਗੇੜ ਮੁੱਕ ਗਿਆ, ਜ਼ਰੂਰ ਪਰ ਜ਼ਰੂਰ ਮੁੜ ਆਵਣਗੇ। ਇਹ ਨਾਸਤਕਤਾ ਦੀ ਹਵਾ ਚਾਰ ਦਿਨ ਵਾਸਤੇ ਵਗੀ ਹੈ ਅਤੇ ਇਸ ਜ਼ਮਾਨੇ ਦੇ ਗੇੜ ਅੰਦਰ ਜਦੋ ਵੀ ਮੁੱਕ ਗਈ, ਉਹ ਬਜਾਏ ਨਾਸਤਕਤਾ ਦਾ ਪ੍ਰਚਾਰ ਕਰਨ ਦੇ ਸੱਚੀ ਸਾਝੀਵਾਲਤਾ ਨੂੰ ਗ੍ਰਹਿਣ ਕਰ ਲੈਣਗੇ। ਹੁਣ ਤਾਂ ਕਰਾੜਾ ਬ੍ਰਾਹਮਣਾ ਦੇ ਪੈਰ ਹੇਠ ਬਟੇਰਾ ਆਵਣ ਦੀ ਕਹਾਵਤ ਅਨੁਸਾਰ ਸਾਰੇ ਹੀ ਸ਼ਿਕਾਰੀ ਬਣ ਬੈਠੇ ਹਨ। ਜਦੋਂ ਵੀ ਸਮਾ ਆ ਗਿਆ ਤਾਂ ਇਕ ਵਾਰੀ ਹੀ ਸਾਰੇ ਨਾਸਤਕਤਾ ਦੇ ਪੁਜਾਰੀਆ ਸਮੇਤ ਮੁੜ ਘਿੜ ਕੇ ਸੱਚੀ ਸਾਝੀਵਾਲਤਾ ਦਾ ਰਸ ਚਖੱਣਗੇ।

ਇਹ ਕਹਿਣਾ ਬਿਲਕੁਲ ਹੀ ਗਲਤ ਹੈ ਕਿ ਸ੍ਰੀ ਦਸ਼ਮੇਸ਼ ਪਿਤਾ ਜੀ ਦੀ ਸਾਂਝੀਵਾਲਤਾ ਪਹਿਲੇ ਗੁਰੂ ਸਾਹਿਬ ਤੋਂ ਵਿਲਖਣ ਸੀ। ''ਸਭੈ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ''* ਵਾਲੀ ਸਪਿਰਿਟ ਤਾ ਹੁਣ ਵੀ ਦਸ਼ਮੇਸ਼ ਪਿਤਾ ਦੇ ਪ੍ਰਚਾਰ ਅੰਦਰ ਮੌਅਜ਼ਜ਼ਨ (ਠਾਠਾ ਮਾਰ ਰਹੀ) ਹੈ। ਸੋ ਸ੍ਰੀ ਦਸਮੇਸ਼ ਪਿਤਾ ਹੁਣ ਵੀ ਸੱਚੀ ਸਾਂਝੀਵਾਲਤਾ ਦੀ ਅਸਲ ਸਪਿਰਿਟ ਦੇ ਵਿਸਥਾਰ-ਕਰਤਾ ਹਨ। ਜਿਉਂ ਜਿਉਂ ਅੰਨ੍ਹੇ ਆਗੂਆ ਵਾਗੂੰ ਉਨ੍ਹਾ ਦੀ ਪਿਛ-ਲੱਗਾਂ ਨੂੰ ਸੁਰਤ ਆਉਂਦੀ ਗਈ, ਤਿਉਂ ਤਿਉਂ ਉਹ ਆਪੇ ਹੀ ਸੱਚਾ ਪਸਚਾਤਾਪ ਕਰ ਕੇ ਮੁੜ ਗੁਰੂ ਘਰ ਵਿਚ ਆਵਣਗੇ।

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅੱਜ ਦੀ ਚੱਲ ਰਹੀ ਲਹਿਰ ਵਿਚ ਘੁੱਘੂ ਮੱਟ ਵਾਸੀਆ ਨੂੰ ਕੁੱਝ ਸੁੱਝਦਾ ਬੁੱਝਦਾ ਨਹੀਂ, ਪਰ ਸਮਾ ਆਵਣ ਵਾਲਾ ਹੈ ਤੇ ਸਭ ਨੂੰ ਸੂਝ ਬੂਝ ਆ ਜਾਵੇਗੀ।

ਸ੍ਰੀ ਦਸ਼ਮੇਸ਼ ਜੀ ਵਾਸਤਵ ਵਿਚ ਸੱਚੀ ਅਤੇ ਸੁੱਚੀ ਸਾਝੀਵਾਲਤਾ ਦੇ ਆਦੀ ਹਨ ਤੇ ਉਨ੍ਹਾਂ ਦੀ ਵਿਸਥਾਰ ਕੀਤੀ ਹੋਈ ਲਹਿਰ ਜ਼ਰੂਰ ਆਪਣਾ ਰੰਗ ਲਿਆਵੇਗੀ ਅਤੇ ਸੱਭ ਵਾਦੀਆ ਬੇਵਾਦੀਆ ਨੂੰ ਸੱਚੇ ਰਸਤੇ ਲਿਆਵੇਗੀ।

ਬਹੁਤਾ ਤਾ ਇਹ ਗੁਰੂ-ਡੰਮ ਵਾਲੇ ਸੰਤਾ ਨੇ ਘਾਟਾ ਪਹੁੰਚਾਇਆ ਹੈ। ਸਾਨੂੰ ਅਛੀ ਤਰ੍ਹਾ ਯਾਦ ਹੈ ਕਿ ਇਕ ਓਪਰਾ ਜਿਹਾ ਸੰਤ ਉਪਰੋਂ ਗੁਰੂ-ਸੰਤ ਬਣਿਆ ਹੋਇਆ ਸੀ, ਅੰਦਰੋਂ ਕਮਿਊਨਿਜ਼ਮ ਦਾ ਪ੍ਰਚਾਰ ਕਰਦਾ ਸੀ। ਹੱਡੀ ਦਾ ਚਸਕਾ ਉਸ ਨੂੰ ਕਮਿਊਨਿਜ਼ਮ ਦਾ ਇਹੋ ਜਿਹਾ ਪਿਆ ਹੋਇਆ ਸੀ ਕਿ ਉਸ ਦੇ ਸੰਗ-ਸਾਥ ਰਹਿਣ ਵਾਲੇ ਸਾਰੇ ਕਮਿਊਨਿਟ ਮੋਨੇ ਸਨ। ਉਪਰੋਂ-ਉਪਰੋਂ ਸੰਤ-ਡੰਮ੍ਹ ਦਾ ਪ੍ਰਚਾਰ ਕਰੀ ਜਾਂਦੇ ਸਨ, ਕਿਉਂਕਿ ਉਨ੍ਹਾ ਦਾ ਸਰਦਾ ਨਹੀਂ ਸੀ, ਅੰਦਰੋਂ ਪੁੱਜ ਕੇ ਵੱਡੇ ਕਮਿਊਨਿਸਟ ਸਨ।

ਇਨ੍ਹਾ ਗੁਰੂ-ਡੰਮੀਆਂ ਨੇ ਸਾਝੀਵਾਲਤਾ ਨੂੰ ਬੜਾ ਨੁਕਸਾਨ ਪਹੁਚਾਇਆ ਹੈ। ਸ੍ਰੀ ਦਸਮੇਸ਼ ਜੀ ਨੇ ਇਸ ਗੁਰੂ-ਡੰਮ੍ਹ ਦਾ ਫ਼ਸਤਾ ਵੱਢ ਦਿੱਤਾ' ਸੀ; ਪਰ ''ਘਰ ਘਰ ਹੋਇ ਬਹੈ ਹੈਂ ਰਾਮਾ ॥ ਤਿਨ ਤੇ ਸਰੇ ਨ ਕੋਊ ਕਾਮਾ'' ਦੇ ਅਨੁਸਾਰ ਇਹ ਸੰਤ-ਡੰਮ੍ਹੀਏ ਕੁੱਝ ਵੀ ਸਵਾਰ ਨਹੀਂ ਸਕਦੇ। ਸਿਵਾਏ ਇਸ ਦੇ ਕਿ ਢਾਹ ਲਾਈ ਹੋਈ ਹੈ ਗੁਰੂ ਦਸਮੇਸ਼ ਜੀ ਦੇ ਸੱਚੇ ਮਿਸ਼ਨ ਨੂੰ। ਇਹ ਸੰਤ-ਡੰਮ੍ਹੀਏ ਗੁਰੂ ਦਸਮੇਸ਼ ਜੀ ਦੀ ਸੰਚਾਲਕ ਸਾਝੀਵਾਲਤਾ ਨੂੰ ਬੜੀ ਢਾਹ ਲਾ ਰਹੇ ਹਨ। ਇਹ ਆਪ ਹੀ ਖੈ ਹੋ ਜਾਣਗੇ। ਚਾਰ ਦਿਨ ਕੀ ਚਾਂਦਨੀ ਫੇਰ ਹਨ੍ਹੇਰੀ ਰਾਤ।

ਕਮਿਊਨਿਸਟਾ ਦੀ ਸਾਝੀਵਾਲਤਾ ਨਿਰੋਲ ਆਰਥਕ ਏਕਤਾ ਉਤੇ ਜ਼ੋਰ ਦਿੰਦੀ ਹੈ; ਸਾਰੀ ਫ਼ੌਜ ਦੇ ਸਿਪਾਹੀਆ ਨੂੰ ਜਾ ਕਿਸੇ ਦਫ਼ਤਰ ਦੇ ਕਲਰਕਾ ਨੂੰ ਇਕੋ ਜਿੰਨੀ ਤਨਖ਼ਾਹ ਮਿਲਦੀ ਹੈ। ਪਰ ਇਸ ਆਰਥਕ ਏਕਤਾ



www.AKJ.Org

ਨਾਲ ਕੋਈ ਮਾਨਸਿਕ ਤੇ ਆਤਮਕ ਸਾਂਝੀਵਾਲਤਾ ਨਹੀਂ ਪੈਦਾ ਹੋ ਜਾਂਦੀ। ਤੱਤ ਸਾਂਝੀਵਾਲਤਾ "ਖਾਲਸਾ" ਪੰਥ ਵਿਚ ਹੈ, ਜਿੱਥੇ ਕਿ ਗੁਰਸਿੱਖੀ ਵਿਚ ਕਦਮ ਰੱਖਦਿਆਂ ਘਟ ਘਟ ਅੰਦਰ ਜੋਤੀਸ਼ ਵਾਹਿਗੁਰੂ ਨਜ਼ਰ ਆਉਂਦਾ ਹੈ। ਅਪਣਤ ਜਾ ਪਰਾਇਆ ਹੱਕ ਮਾਰਨ ਦੀ ਲਾਲਸਾ ਉੱਕੀ ਹੀ ਮਿਟ ਜਾਂਦੀ ਹੈ। ਵੈਰ ਵਿਰੋਧ ਤੇ ਖੁਦਗਰਜ਼ੀਆ ਦਾ ਨਿਸ਼ਾਨ ਹੀ ਨਹੀਂ ਰਹਿੰਦਾ। ਹਰ ਪ੍ਰਾਣੀ ਮਾਤ੍ਰ ਵਿਚ, ਹਰ ਜੀਵ ਵਿਚ ਗੁਰਮੁਖ ਵਿਅਕਤੀਆਂ ਨੂੰ ਵਾਹਿਗੁਰੂ ਦੀ ਜੋਤਿ ਨਜ਼ਰ ਆਉਂਦੀ ਹੈ। "ਏਕੁ ਪਿਤਾ ਏਕਸ ਕੇ ਹਮ ਬਾਰਿਕ"* ਵਾਲਾ ਰਿਸ਼ਤਾ ਉਸ ਦਾ ਸਾਰੀ ਮਾਨਵ-ਸ੍ਰਿਸ਼ਟੀ ਨਾਲ ਗੰਢਿਆ ਜਾਂਦਾ ਹੈ। ਸਰਬੱਤ ਦਾ ਭਲਾ ਚਾਹੁਣ ਵਾਲਾ ਖਾਲਸਾ, ਸਾਰੀ ਸ੍ਰਿਸ਼ਟੀ ਦਾ ਦੁੱਖ ਹਰਨ ਲਈ ਤੱਤਪਰ ਰਹਿੰਦਾ ਹੈ। ਜਿੱਥੇ ਕਿਤੇ ਵੀ ਪਾਪ ਦਾ ਪਸਾਰਾ ਹੋਵੇ, ਉਥੇ ਉਹ ਧਰਮ ਤੇ ਸੱਚਾਈ ਲਈ ਲੜਨ ਲਈ ਤਿਆਰ ਰਹਿੰਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਂਝੀਵਾਲਤਾ ਤੋਂ ਅੱਜ ਸਾਡੇ ਬਹੁਤ ਸਾਰੇ ਸਿੱਖ ਹੀ ਖੁੰਝੇ ਫਿਰਦੇ ਹਨ। ਉਹ ਇਸ ਲਈ ਕਿ ਉਹ ਆਤਮਕ ਜੀਵਨ ਤੋਂ ਵਾਂਝੇ ਹਨ। ਕਮਿਊਨਿਜ਼ਮ ਵਿਚ ਵੀ ਉਹ ਆਪਣੇ ਪੁਲੀਟੀਕਲ ਝੱਸ ਲਈ ਤੇ ਖ਼ਾਹਸ਼ਾ ਦੀ ਪੂਰਤੀ ਲਈ ਰੁਲਦੇ ਹਨ। ਉਨ੍ਹਾਂ ਦੀ ਮਾਨਸਿਕ ਤਸੱਲੀ ਜਾ ਆਤਮਕ ਤ੍ਰਿਪਤੀ ਪੂਰੀ ਨਹੀਂ ਹੁੰਦੀ। ਬਾਹਰੋਂ ਬਾਹਰੋਂ ਸਿੱਖ ਪੰਥ ਦੇ ਭਲੇ ਦੇ ਭੀ ਢੌਂਗ ਰਚਦੇ ਹਨ, ਅੰਦਰੋਂ ਉਹ ਪੂਰੇ ਨਹੀਂ ਤਾਂ ਅੱਧੇ ਨਾਸਤਕ ਜ਼ਰੂਰ ਹੁੰਦੇ ਹਨ। ਧਰਮ ਦੇ ਨਾਮ ਤੇ ਅਧਰਮ ਤੇ ਨਾਸਤਕਤਾ ਦਾ ਪ੍ਰਚਾਰ ਕਰਨਾ ਲੋੜਦੇ ਹਨ।

ਜਿਸ ਸਾਂਝੀਵਾਲਤਾ ਦੀ ਬੁਨਿਆਦ ਹੀ ਨਾਸਤਕਤਾ ਤੇ ਨਫ਼ਰਤ ਹੈ, ਉਸ ਸਾਂਝੀਵਾਲਤਾ ਨੂੰ ਮਾਨਵ ਜਾਤੀ ਨਾਲ ਹਮਦਰਦੀ ਕਿੱਥੋਂ ਹੋ ਸਕਦੀ ਹੈ? ਬੇਗਰਜ਼ ਹਮਦਰਦੀ ਉਨ੍ਹਾਂ ਵਿਚ ਹੋ ਹੀ ਨਹੀਂ ਸਕਦੀ, ਨਾ ਹੀ ਬੇਗਰਜ਼ ਕੁਰਬਾਨੀ ਤੇ ਸ੍ਰਿਸ਼ਟੀ ਦੀ ਸੇਵਾ ਦਾ ਮਾਦਾ ਉਨ੍ਹਾਂ ਵਿਚ ਆ ਸਕਦਾ ਹੈ। ਆਪਣੀ ਪਾਰਟੀ ਤੋਂ ਬਾਹਰ ਸਭ ਆਦਮੀ ਵੈਰੀ ਹੀ ਨਜ਼ਰ ਆਉਂਦੇ ਹਨ। ਜ਼ੋਰ ਜ਼ੁਲਮ ਨਾਲ ਕਮਿਊਨਿਸਟ ਨਜ਼ਾਮ ਖੜ੍ਹਾ ਕਰਨਾ ਉਨ੍ਹਾਂ ਦਾ ਮੁੱਖ ਅਕੀਦਾ ਹੁੰਦਾ ਹੈ। ਜਿੱਥੇ ਜ਼ੋਰ ਜ਼ੁਲਮ ਹੋਵੇ ਉਥੇ ਸਚਾਈ ਕਾਹਦੀ, ਧਰਮ ਕਾਹਦਾ? ਉਥੇ ਤਾਂ ਸਹਿਮ ਵਿਚ ਗੁਲਾਮ ਹੋਈ ਪ੍ਰਜਾ ਦੀ ਬਨਾਉਟੀ ਸਾਂਝੀਵਾਲਤਾ ਹੁੰਦੀ ਹੈ।

ਸੱਚੀ ਸਾਂਝੀਵਾਲਤਾ ਕੇਵਲ ਸ੍ਰੀ ਦਸ਼ਮੇਸ਼ ਜੀ ਦੇ ਪਰਮ ਪਵਿੱਤਰ ਸਮਾਜਿਕ ਤੇ ਅਧਿਆਤਮਕ ਅਸੂਲਾਂ ਤੇ ਹੋ ਸਕਦੀ ਹੈ। ਇਸ ਸਾਂਝੀਵਾਲਤਾ ਦੇ ਸਦਕੇ ਹੀ ਹਰ ਪੱਛੜੀ ਸ਼੍ਰੇਣੀ ਵਿਚੋਂ ਸੱਜੀਆਂ ਖਾਲਸਾ ਰੂਹਾਂ ਨੇ ਸਦੀਆਂ ਦੀ ਜੰਮੀ ਮੁਗਲ ਸਲਤੰਨਤ ਦਾ ਤਖਤਾ ਉਲਟਾ ਦਿੱਤਾ। ਜ਼ੁਲਮ ਦਾ ਥਾਂ ਥਾਂ ਟਾਕਰਾ ਕਰ ਕੇ ਹਰ ਦੀਨ ਦੁਖੀ ਦੀ, ਬਿਨਾਂ ਰਾਜਸੀ ਗਰਜ਼ ਦੇ ਸਹਾਇਤਾ ਕੀਤੀ। ਅਗਰ ਸੰਸਾਰ ਉਤੇ ਕੋਈ ਸਥਾਈ ਸਾਂਝੀਵਾਲਤਾ ਹੋਈ, ਉਹ ਦਸ਼ਮੇਸ਼ ਜੀ ਦੇ ਇਨ੍ਹਾਂ ਪਰਮ ਅਸੂਲਾਂ ਉਤੇ ਹੀ ਹੋ ਸਕਦੀ ਹੈ।

## ਬਾਲ ਫੁਲਵਾੜੀ

*(ਡਾ: ਕੁਲਦੀਪ ਕੌਰ ਮੁਹਾਲੀ)*

ਇੱਕ-ਦੋ, ਇੱਕ-ਦੋ
ਅੰਮ੍ਰਿਤ ਵੇਲੇ ਉਠ ਖਲੋ
ਤਿੰਨ-ਚਾਰ, ਤਿੰਨ-ਚਾਰ
ਵਾਹਿਗੁਰੂ ਦੀ ਫਤਹਿ ਉਚਾਰ
ਪੰਜ-ਛੇ, ਪੰਜ-ਛੇ
ਹਰਿ ਕਾ ਨਾਮ ਨਿਤ ਲੇਹ
ਸੱਤ-ਅੱਠ, ਸੱਤ-ਅੱਠ
ਕਦੀ ਨਾ ਕਰੀਂ ਢਿੱਲ ਮੱਠ
ਨੌ-ਦੱਸ, ਨੌ-ਦੱਸ
ਸਿਮਰਨ ਕਰ ਤੇ ਸੁਖੀ ਵੱਸ

ਸਾਡੇ ਘਰ ਸਨ ਚਿੜੀਆਂ ਆਈਆਂ
ਚਿੜੀਆਂ ਆਈਆਂ ਚਾਰ
ਇੱਕ ਆ ਬੈਠੀ ਵਾਜੇ ਅੱਗੇ
ਦੂਜੀ ਹੱਥ ਗਿਟਾਰ
ਤੀਜੀ ਤਬਲਾ ਪਈ ਵਜਾਵੇ
ਚੌਥੀ ਹੱਥ ਖੜਤਾਲਾ
ਬਾਣੀ ਗੁਰੂ ਦੀ ਗਾਵਣ ਲੱਗੀਆਂ
ਸਤਿਗੁਰ ਤੋਂ ਜਾਵਣ ਬਲਿਹਾਰ।



www.AKJ.Org

# ਖਾਲਸੇ ਦੀ ਵਿਲਖਣਤਾ

(ਪ੍ਰੋ: ਪਿਆਰਾ ਸਿੰਘ ਪਦਮ)

*ਸਿੱਖ ਤੇ ਬਿਪ੍ਰਵਾਦ-*

ਵਰਤਮਾਨ ਭਾਰਤ ਦੇ ਧਰਮ ਤੇ ਰਾਜਨੀਤੀ ਉਤੇ ਬਿਪ੍ਰਵਾਦ ਦਾ ਪੂਰਾ ਕਬਜ਼ਾ ਹੈ, ਉਹ ਕਿਸੇ ਦੀ ਰਾਜਸੀ ਜਾ ਧਾਰਮਿਕ ਸੁਤੰਤਰਤਾ ਨੂੰ ਕਾਇਮ ਨਹੀਂ ਰਹਿਣ ਦੇਣਾ ਚਾਹੁੰਦੇ। ਜਮਹੂਰੀਅਤ ਦੇ ਨਾ ਤੇ ਬਹੁ-ਸੰਮਤੀ ਨੂੰ ਹੱਕ ਹਾਸਲ ਹੈ ਕਿ ਜੋ ਮਰਜ਼ੀ ਹੈ ਕਰੇ। ਹਰ ਸਨਾਤਨ ਗੱਲ ਨੂੰ ਰਾਜ-ਪ੍ਰਬੰਧ ਵਿਚ ਘੁਸੇੜ ਕੇ ਆਪਣੀ ਮਾਨਸਿਕ ਤਸੱਲੀ ਲੱਭਦਾ ਹੈ, ਭਾਵੇਂ ਦੇਸ਼ ਦੀ ਜਨਤਾ ਦਾ ਕਿਤਨਾ ਵੀ ਨੁਕਸਾਨ ਹੋਵੇ। ਅਕਾਸ਼ਬਾਣੀ ਸਵੇਰਸਾਰ ਸੰਸਕ੍ਰਿਤ ਵਿਚ ਸਮਾਚਾਰ ਇਸ ਲਈ ਪਰਸਾਰਿਤ ਕਰਦੀ ਹੈ ਕਿ ਇਹ ਬਿਪ੍ਰਵਾਦ ਦੀ ਮੂਲ ਭਾਸ਼ਾ ਹੈ, ਵਰਨਾ ਇਸ ਰਾਹੀਂ ਖਬਰਾ ਸੁਣਾ ਕੇ ੧੦੦ ਕਰੋੜ ਦੇ ਮੁਲਕ ਵਿਚੋਂ ਕਿਨਿੰਆ ਕੁ ਨੂੰ ਜਾਣੂ ਕਰਵਾਇਆ ਜਾ ਸਕਦਾ ਹੈ। ਹਰ ਕੰਮ ਯੱਗਹੋਮ ਨਾਲ ਕੀਤਾ ਜਾਂਦਾ ਹੈ, ਜਦੋਂ ਕਿ ਘਿਉ ਲੋਕਾ ਨੂੰ ਰੋਟੀ ਚੋਪੜਨ ਲਈ ਵੀ ਨਸੀਬ ਨਹੀਂ। ਏਸ਼ੀਆਈ ਹਾਕੀ ਸਮੇਂ ਇਕ ਹਾਥੀ (ਅੱਪੂ) ਉਤੇ ਲੱਖਾ ਰੁਪਏ ਖਰਚ ਕੀਤੇ ਗਏ, ਕਿਉਂਕਿ ਬ੍ਰਾਹਮਣ ਹਰ ਕੰਮ ਗਣੇਸ਼ ਨਾਲ ਸ਼ੁਰੂ ਕਰਦਾ ਹੈ ਤੇ ਉਸ ਦਾ ਸਿਰ ਹਾਥੀ ਵਾਲਾ ਹੈ। ਅਸੀਂ ਇਨ੍ਹਾਂ ਨਿੱਕੀਆ-੨ ਗੱਲਾ ਵਿਚ ਪੈਕੇ ਰਾਜ਼ੀ ਨਹੀਂ। ਜੇ ਕੋਈ ਹੋਰ ਆਪਣੇ ਧਰਮ ਦੀ ਗੱਲ ਕਰਦਾ ਹੈ ਤਾ ਇਹ ਉਸ ਨੂੰ 'ਫ਼ਿਰਕੂ' ਕਹਿ ਕੇ ਭੰਡਦੇ ਹਨ ਤੇ ਆਪ 'ਸੈਕੂਲਰ' ਬਣ ਕੇ ਵਿਸ਼ਾਲ-ਚਿੱਤ ਬਣਦੇ ਹਨ।

ਸ਼ਕਤੀ ਦਾ ਕੇਂਦਰੀਕਰਨ ਰਾਜਾ ਨੂੰ ਨਿੱਥੇ ਕਰਦਾ ਤੇ ਬਿਪ੍ਰਵਾਦ ਦੇ ਹੱਥ ਮਜਬੂਤ ਕਰਦਾ ਹੈ ਤਾਂ ਜੋ ਇਹ ਮਗਰਮੱਛ ਸਾਰਿਆ ਨੂੰ ਹਜਮ ਕਰ ਸਕੇ। ਹੋਰ ਸਾਰੇ ਹਿੰਦੂ ਸੂਬੇ ਹਨ, ਉਨ੍ਹਾ ਨੂੰ ਇਹ ਗੱਲ ਚੁੱਭਦੀ ਵੀ ਨਹੀਂ, ਪਰ ਪੰਜਾਬ ਦੀ ਪੁਜ਼ੀਸ਼ਨ ਵਿਲੱਖਣ ਹੈ, ਜੋ ਇਸ ਖਾਰੇ ਸਾਗਰ ਵਿਚ ਗਰਕ ਹੋਣ ਤੋਂ ਬਚਣ ਲਈ ਤਰ੍ਹਾਂ ਤਰ੍ਹਾ ਹੱਥ ਪੈਰ ਮਾਰ ਰਿਹਾ ਹੈ। ਕਦੀ ਜ਼ੁਬਾਨ ਦੀ ਲੜਾਈ ਕਰਦਾ ਹੈ, ਕਦੀ ਕਲਚਰ ਦੀ।

ਸ਼ਕਤੀਮਾਨ ਬਿਪ੍ਰਵਾਦ ਸਾਡਾ ਪੁਰਾਣਾ ਨਾ 'ਸਿੱਖ ਕੌਮ' ਵੀ ਸੁਨਣ ਲਈ ਤਿਆਰ ਨਹੀਂ। ਉਹ ਕਹਿੰਦਾ ਹੈ ਕਿ ਸਿੱਖ ਕੌਮ ਨਹੀਂ, ਜੇ ਇਸ ਨੂੰ ਕੌਮ ਮੰਨੀਏ ਤਾ ਰਾਜਨੀਤਿਕ ਅਧਿਕਾਰ ਦੇਣੇ ਪੈਣਗੇ, ਹਾਲਾਕਿ ਸਿੱਖਾ ਨੇ ਕਦੇ ਵੱਖਰੇ ਰਾਜ ਦੀ ਮੰਗ ਨਹੀਂ ਕੀਤੀ, ਕੇਵਲ ਉਚਿਤ ਮੰਗਾਂ ਨੂੰ ਹੀ ਸੰਵਿਧਾਨਿਕ ਤਰੀਕਿਆਂ ਨਾਲ ਬਾਰ ਬਾਰ ਦੁਹਰਾਇਆ ਹੈ। ਪਰ ਜਿੰਨ੍ਹਾਂ ਸਹੀ ਮੰਗਾ ਨੂੰ ਵੀ ਧਿਆਨ ਗੋਰਚੇ ਨਹੀਂ ਕਰਨਾ, ਉਹ ਸਾਡੇ ਲਈ ਨਵੀਆ ਨਵੀਆ ਤਹੁਮਤਾ ਘੜਕੇ ਸਾਨੂੰ ਬਦਨਾਮ ਕਰਦੇ ਹਨ। ਕਦੀ ਕਹਿੰਦੇ ਹਨ ਇਹ ਵੱਖਵਾਦੀ ਹਨ, ਇਹ ਦੇਸ਼ੀ ਧਰੋਹੀ ਹਨ, ਵਗੈਰਾ।

ਵੱਖਵਾਦੀ ਤਾ ਅਸੀ ਇਸ ਗੱਲੋਂ ਹਾ ਹੀ ਕਿ ਸਾਡੀ ਰਹਿਣੀ ਬਹਿਣੀ ਦੂਜਿਆ ਨਾਲੋਂ ਵਿੱਲਖਣ ਹੈ, ਪਰ ਅਸੀ ਕਦੇ ਵੱਖਰੇ ਰਾਜ ਦੀ ਮੰਗ ਨਹੀਂ ਕੀਤੀ। ਜਿੱਥੋਂ ਤੱਕ ਅੱਤਵਾਦੀ ਵਿਸ਼ੇਸ਼ਣ ਦਾ ਸੰਬਧ ਹੈ। ਇਹ 'ਗਾਲ੍ਹ' ਹਰ ਸਥਾਪਤ ਸਰਕਾਰ ਆਪਣੇ ਵਿਰੋਧੀ ਨੂੰ ਕੱਢ ਕੇ ਆਪਣੀ ਛਾਤੀ ਠੰਢੀ ਕਰਦੀ ਹੈ। ਪੁਰਾਣੇ ਮੁਕਦਮਿਆ ਦੀਆ ਫ਼ਾਈਲਾ ਪੜ੍ਹੋ–ਸ: ਕਰਤਾਰ ਸਿੰਘ ਸਰਾਭਾ, ਸ: ਭਗਤ ਸਿੰਘ ਤੇ ਸ: ਉਧਮ ਸਿੰਘ ਵਰਗੇ ਇਨਕਲਾਬੀ ਦੇਸ਼-ਭਗਤਾ ਲਈ ਬਰਤਾਨਵੀ ਸਾਮਰਾਜ ਨੇ ਕਿਵੇਂ ਬਾਰ ਬਾਰ – ਅਤਿਵਾਦੀ, ਆਤੰਕਵਾਦੀ, ਉਗ੍ਰਵਾਦੀ, ਦੇਸ਼-ਧਰੋਹੀ (Extremist, Terrorist, Traiter) ਆਦਿ ਸੰਕਤਾ ਦੀ ਵਰਤੋਂ ਕੀਤੀ ਹੈ। ਪਰ ਉਹ ਲੋਕ ਇਹ ਕੁੱਝ ਨਹੀਂ ਸਨ, ਉਹ ਤਾ ਕੇਵਲ ਆਪਣੇ ਦੇਸ਼ ਤੇ ਆਪਣੇ ਸਭਿੱਅਚਾਰ ਲਈ ਜੂਝਣ ਵਾਲੇ ਸੂਰਮੇ ਸਨ।

ਕੁੱਝ ਇਹ ਵੀ ਇਤਰਾਜ਼ ਕਰਦੇ ਹਨ ਕਿ ਇਹ 'ਰਾਜ ਕਰੇਗਾ ਖਾਲਸਾ' ਕਿਉ ਪੜ੍ਹਦੇ ਹਨ ਇਹ ਧਰਮ ਤੇ ਰਾਜਨੀਤੀ ਦੋਹਾ ਵਿਚ ਹੀ ਬਿਪ੍ਰਵਾਦ ਨੂੰ ਕਿਉਂ ਪ੍ਰਵਾਣ ਨਹੀਂ ਕਰਦੇ। ਦੂਜੇ ਪਾਸੇ ਸਿੱਖ ਆਪਣੇ ਗੁਰੂ ਦਾ ਸੰਦੇਸ਼ਾ ਦੁਹਰਾਉਂਦੇ ਹਨ:-

"ਜਬ ਲਗ ਖਾਲਸਾ ਰਹੈ ਨਿਆਰਾ। ਤਬ ਲਗ ਤੇਜ ਦੀਯੋ ਮੈਂ ਸਾਰਾ।
ਜਬ ਇਹ ਗਹੈ ਬਿਪ੍ਰਨ ਕੀ ਰੀਤਿ। ਮੈ ਨਾ ਕਰੋਂ ਇਨ ਕੀ ਪ੍ਰਤੀਤਿ।।



www.AKJ.Org

ਦਰਅਸਲ ਵਰਤਮਾਨ ਬਿਪ੍ਰਵਾਦ ਮੀਰੀ ਤੇ ਪੀਰੀ ਦੋਹਾਂ ਨੂੰ ਹੱਥਿਆਉਣ ਤੇ ਤੁਲਿਆ ਹੋਇਆ ਹੈ ਜਦੋਂ ਕਿ ਸਤਿਗੁਰੂ ਨੇ ਮੁਗਲਾ ਤੋਂ ਮੀਰੀ ਖੋਹ ਕੇ ਤੇ ਪੰਡਤਾਂ ਤੋਂ ਪੀਰੀ ਖੋਹ ਕੇ ਖਾਲਸਾ ਪੰਥ ਨੂੰ ਸਰਬ ਕਲਾ ਸਮਰਥ ਬਣਾਇਆ ਸੀ। ਇਸ ਸਮਰੱਥਾ ਨੂੰ ਬਰਕਰਾਰ ਰਖਣਾ ਸਾਡਾ ਪਰਮ ਧਰਮ ਹੈ ਤੇ ਇਸੇ ਲਈ ਜੂਝਣਾ ਵੀ ਸਾਡਾ ਧਰਮ-ਯੁੱਧ ਹੈ। ਅਸੀਂ ਪੂਰੇ ਦੇਸ਼-ਭਗਤ ਹਾਂ। ਸਾਨੂੰ ਦੇਸ਼-ਧਰੋਹੀ ਆਖਣਾ ਆਪਣੇ ਪੈਰੀ ਆਪ ਕੁਹਾੜਾ ਮਾਰਨਾ ਹੈ।

*ਸਿੱਖ ਤੇ ਦੇਸ਼-ਭਗਤੀ–*

ਸਿੱਖਾਂ ਨੇ ਦੇਸ਼-ਭਗਤਾ ਦੇ ਖੇਤਰ ਵਿਚ ਜੋ ਕਾਰਨਾਮੇ ਕੀਤੇ ਹਨ, ਉਹ ਭੁਲਾਏ ਜਾਣ ਵਾਲੇ ਨਹੀਂ ਹਨ। ਜਦੋਂ ੧੮ ਵੀਂ ਸਦੀ ਵਿਚ ਪਠਾਣ ਹਮਲਾਵਰ ਪੰਜਾਬ ਨੂੰ ਲੁੱਟ-੨ ਤਬਾਹ ਕਰ ਰਹੇ ਸਨ ਤਾਂ ਕੇਵਲ ਸਿੰਘ ਸੂਰਮੇ ਹੀ ਸਨ ਜਿਨ੍ਹਾ ਨੇ ਉਨ੍ਹਾ ਦਾ ਮੁਕਾਬਲਾ ਕੀਤਾ ਤੇ ਪੰਜਾਬ ਨੂੰ ਦਿੱਲੀ ਤੇ ਕਾਬਲ ਦੀਆ ਮਾਰਾ ਤੋਂ ਸੁਤੰਤਰ ਕਰਵਾਇਆ। ਇਸੇ ਕਰਕੇ ਡਾ: ਹਰੀ ਰਾਮ ਗੁਪਤਾ ਆਖਦਾ ਹੈ ਕਿ ਪੰਜਾਬ ਸਿੱਖਾ ਵਲੋਂ ਦਿੱਤਾ ਹਿੰਦੁਸਤਾਨ ਨੂੰ ਤੋਹਫਾ ਹੈ, ਜੇ ਸਿੱਖ ਜਾਨਾਂ ਹੂਲ ਕੇ ਸੌ ਸਾਲ ਇਸ ਲਈ ਸੰਗ੍ਰਾਮ ਨ ਰਚਦੇ ਤਾਂ ਅੱਜ ਇਹ ਪੰਜਾਬ ਅਫ਼ਗਾਨਿਸਤਾਨ ਦਾ ਹਿੱਸਾ ਹੁੰਦਾ ਤੇ ਭਾਰਤ ਦੀ ਹੱਦ ਜਮਨਾ ਹੁੰਦੀ।

ਇਸ ਤੋਂ ਬਾਅਦ ਜਦੋਂ ਭਾਰਤੀ ਲੋਕਾ ਨੂੰ ਫ਼ਿਰੰਗੀ ਸਾਮਰਾਜ ਨਾਲ ਜੂਝਣਾ ਪਿਆ ਤਾਂ ਸਿੱਖ ਸੱਭ ਤੋਂ ਮੂਹਰਲੀ ਕਤਾਰ ਵਿਚ ਖੜੋਤੇ ਸਨ। ੧੮੫੭ ਦੇ ਗਦਰ ਦੇ ਭੰਨੇ ਲੋਕ ਉਠਣ ਜੋਗੇ ਨਹੀਂ ਸਨ ਲੇਕਿਨ ਬਾਬਾ ਰਾਮ ਸਿੰਘ ਜੀ ਨੇ ਐਸੀ ਅਜ਼ਾਦੀ ਦੀ ਸ਼ਹਿਨਾਈ ਵਜਾਈ ਕਿ ਸਿੱਖ ਸੂਰਮੇ ਅੱਗੇ ਨਿਤਰੇ ਤੇ ੧੮੭੨ ਵਿਚ ਮਲੇਰਕੋਟਲੇ ਲਾਗੇ ਜਮਾਲਪੁਰ ਦੀ ਰੱਖ ਵਿਚ ੬੬ ਸਿੰਘਾ ਨੇ ਤੋਪਾ ਮੂਹਰੇ ਛਾਤੀਆਂ ਡਾਹਕੇ ਸ਼ਹੀਦੀਆ ਪਾਈਆ। ਇਹ ਸਵਰਾਜ ਲਹਿਰ ਦੇ ਮੋਢੀ ਸ਼ਹੀਦ ਸਨ। ਬਜਬਜ ਘਾਟ ਦਾ ਵਾਕਿਆ ਹੋਇਆ, ਜਲ੍ਹਿਆ ਵਾਲੇ ਬਾਗ ਦਾ ਹੱਤਿਆ ਕਾਂਡ ਵਾਪਰਿਆ ਤੇ ਨਨਕਾਣੇ ਸਾਹਿਬ ਦਾ ਸਾਕਾ ਹੋਇਆ। ਇਨ੍ਹਾਂ ਵਿਚ ੮੦ ਫ਼ੀ ਸਦੀ ਸਿੱਖ ਹੀ ਸ਼ਹੀਦੀਆਂ ਪਾਉਣ ਵਾਲੇ ਸਨ। ਸਿੱਖ ਨੌਜੁਆਨਾਂ ਨੇ ਫ਼ਾਸੀ ਦੇ ਰੱਸੇ ਚੁੰਮ ਕੇ ਆਜ਼ਾਦੀ ਦੀ ਆਖਰੀ ਲੜਾਈ ਲੜਨ ਲਈ ਤਿਆਰ ਬਰ ਤਿਆਰ ਕੀਤਾ। ਆਜ਼ਾਦ ਹਿੰਦ ਫੌਜ ਦਾ ਬਹੁਤ ਹਿੱਸਾ ਸਿੱਖ ਯੋਧੇ ਹੀ ਸਨ, ਇਨ੍ਹਾਂ ਨੇ ਬੰਦੂਕਾ ਫੜ੍ਹ ਕੇ ਐਸਾ ਤੂਫ਼ਾਨ ਖੜ੍ਹਾ ਕੀਤਾਕਿ ਅੰਗਰੇਜ਼ ਨੂੰ ਭਾਰਤ ਛੱਡਣ ਲਈ ਮਜਬੂਰ ਹੋਣਾ ਪਿਆ। ਦੇਸ਼-ਵੰਡ ਤੋਂ ਬਾਅਦ ਸਿੱਖਾ ਨੂੰ ਆਪਣੇ ਹੱਕਾ ਤੇ ਸਵੈਮਾਣ ਦੀ ਰੱਖਿਆ ਲਈ ਸਰਕਾਰ ਨਾਲ ਕਈ ਕਿਸਮ ਦੀਆਂ ਲੜ੍ਹਾਈਆ ਲੜਨੀਆ ਪਈਆ, ਕਈ ਸਤਿਆਗ੍ਰਹਿ ਕੀਤੇ, ਜੇਲ੍ਹੀਂ ਗਏ ਤੇ ਸ਼ਾਂਤਮਈ ਅੰਦੋਲਨ ਦਾ ਹਰ ਤਰੀਕਾ ਅਪਣਾਇਆ, ਪਰ ਕਦੀ ਕਿਸੇ ਸਿੱਖ ਨੇ ਦੇਸ਼ ਦੀ ਜਾਇਦਾਦ, ਸੰਪਤੀ ਜਾ ਕਿਸੇ ਚੀਜ਼ ਨੂੰ ਤਬਾਹ ਕਰਨ ਦੀ ਵਿਉਂਤ ਨਹੀਂ ਕੀਤੀ, ਤੇ ਨਾ ਹੀ ਹਿੰਸਾ ਦਾ ਰਾਹ ਅਪਣਾਇਆ। ਇਹ ਇਨ੍ਹਾ ਸ਼ਾਤਮਈ ਆਚਰਣ ਤੇ ਦੇਸ਼-ਭਗਤੀ ਦੀ ਪੱਕੀ ਗਵਾਹੀ ਹੈ, ਜਦੋ ਕਿ ਹੋਰ ਸੂਬਿਆਂ ਦੇ ਅੰਦੋਲਨਕਾਰੀਆ ਨੇ ਹਮੇਸ਼ਾ ਭੰਨ ਤੋੜ ਦਾ ਰਸਤਾ ਅਪਣਾਇਆ ਤੇ ਸਦਾ ਬੇਲੋੜੀ ਤਬਾਹੀ ਮਚਾਈ ਹੈ ਤੇ ਮੁਲਕ ਦਾ ਭਾਰੀ ਨੁਕਸਾਨ ਕੀਤਾ ਹੈ।

*ਸਿੱਖ ਮੱਤ ਤੇ ਸਨਾਤਨ ਮੱਤ–*

੧. ਖਾਲਸਾ ਇਕ ਅਕਾਲ ਦਾ ਪੁਜਾਰੀ ਹੈ, ਦੇਵੀ-ਦੇਵਤਿਆ, ਅਵਤਾਰਾਂ ਤੇ ਮੂਰਤੀ- ਪੂਜਾ ਦਾ ਹਾਮੀ ਨਹੀਂ ਤੇ ਨਾਹੀ ਗੁਪਤ ਅੰਗਾਂ ਦੀ ਅਸਭ੍ਯ ਰੀਤਿ ਨੂੰ ਸਵੀਕਾਰ ਕਰਦਾ ਹੈ।

੨. ਖਾਲਸਾ 'ਮਾਨਸ ਕੀ ਏਕ ਜਾਤ' ਮੰਨਦਾ ਹੈ, ਵਰਣ-ਆਸ਼ਰਮ ਤੇ ਜਾਤ-ਪਾਤ ਨੂੰ ਵੀ ਪਰਵਾਨ ਨਹੀਂ ਕਰਦਾ।

੩. ਖਾਲਸਾ ਸ਼ਬਦ ਗੁਰੂ ਮੰਨਦਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਨਿਵਾਉਂਦਾ ਹੈ ਤੇ ਉਹ ਵੇਦ ਨੂੰ ਈਸ਼ਵਰ ਬਾਣੀ ਮੰਨ ਕੇ ਪੂਜ ਨਹੀਂ ਸਕਦਾ।



www.AKJ.Org

੪. ਖਾਲਸਾ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਮੰਨਦਾ ਹੈ, ਇਸ ਲਈ ਉਹਬ੍ਰਾਹਮਣ ਨੂੰ ਸਰਬੋਚਤ ਦੇਣ ਲਈ ਤਿਆਰ ਨਹੀਂ, ਤੇ ਨਾ ਹੀ ਉਸ ਨੂੰ ਦਾਨ ਦੇਣਾ ਕੋਈ ਧਰਮ ਕਰਮ ਸਮਝਦਾ ਹੈ।

੫. ਖਾਲਸਾ ਸੂਤਕ ਪਾਤਕ ਦੀ ਰੀਤਿ ਨੂੰ ਪ੍ਰਵਾਨ ਨਹੀਂ ਕਰਦਾ।

੬. ਖਾਲਸਾ ਮੋਏ ਪ੍ਰਾਣੀ ਨਮਿਤ ਸਰਾਧ ਜਾਂ ਪਿੰਡ ਭਰਨ ਆਦਿ ਦੀ ਕ੍ਰਿਆ ਕਰਨ ਲਈ ਰਾਜ਼ੀ ਨਹੀਂ।

੭. ਖਾਲਸਾ ਮੰਤ੍ਰ ਜੰਤ੍ਰ ਜਾਂ ਤੰਤ੍ਰ ਵਿਚ ਯਕੀਨ ਨਹੀਂ ਰੱਖਦਾ।

੮. ਖਾਲਸਾ ਮੜ੍ਹੀਂ ਮਸਾਣੀਂ ਜਾਂ ਗੋਰ ਮੱਠਾਂ ਵਿਚ ਯਕੀਨ ਨਹੀਂ ਰੱਖਦਾ।

੯. ਖਾਲਸਾ ਸ਼ਗੁਨ ਅਪਸ਼ਗੁਨ ਨੂੰ ਨਹੀਂ ਮੰਨਦਾ।

੧੦. ਖਾਲਸਾ ਖਾਸ ਖਾਸ ਮੌਕਿਆਂ ਉਤੇ ਵਰਤ ਰੱਖਣ ਵਿਚ ਯਕੀਨ ਨਹੀਂ ਰੱਖਦਾ, ਵੈਸੇ ਵੀ 'ਅੰਨੁ ਪਾਣੀ ਥੋੜਾ ਖਾਇਆ' ਦਾ ਧਾਰਨੀ ਹੈ।

੧੧. ਖਾਲਸਾ ਕਿਸੇ ਖਾਸ ਤਿੱਥ ਜਾਂ ਵਾਰ ਨੂੰ ਬਤੌਰ ਵਿਸ਼ੇਸ਼ ਤਿੱਥ ਵਾਰ ਦੇ ਮਾਨਤਾ ਨਹੀਂ ਦਿੰਦਾ।

੧੨. ਖਾਲਸਾ ਕਿਸੇ ਖਾਸ ਤੀਰਥ, ਜਿਵੇਂ ਹਰਿਦੁਆਰ, ਗਯਾ, ਪਹੋਆ ਜਾਂ ਕਾਸ਼ੀ ਆਦਿ ਨੂੰ ਪੁੰਨ-ਸਥਾਨ ਨਹੀਂ ਮੰਨਦਾ।

੧੩. ਖਾਲਸਾ ਨਾਸਤਿਕ ਨਹੀਂ ਹੋ ਸਕਦਾ।

੧੪. ਖਾਲਸਾ ਕੇਸਾਂ ਦੀ ਬੇਅਦਬੀ ਨਹੀਂ ਕਰ ਸਕਦਾ।

੧੫. ਖਾਲਸਾ ਦਸਤਾਰ ਲਾਹ ਕੇ ਜਾਂ ਦਸਤਾਰ ਉਤੇ ਟੋਪੀ ਜਾਂ ਟੋਪ ਨਹੀਂ ਪਹਿਨ ਸਕਦਾ।

੧੬. ਖਾਲਸਾ ਹੁੱਕਾ ਜਾਂ ਸਿਗਰਟ ਨੋਸ਼ੀ ਨੂੰ ਬਿਖਿਆ ਪਾਨ ਸਮਝ ਕੇ ਤਿਆਗਦਾ ਹੈ

ਉਪਰੋਕਤ ਮੱਤ-ਭੇਦ ਤੋਂ ਜ਼ਾਹਰ ਹੁੰਦਾ ਹੈ ਕਿ ਖਾਲਸਾ ਸਨਾਤਨੀ ਕ੍ਰਿਆ ਕਰਮ ਨੂੰ ਨਹੀਂ ਮੰਨਦਾ, ਸਗੋਂ ਉਸ ਦੀ ਆਪਣੀ ਵਿਲਖਣ ਰਹਿਣੀ ਬਹਿਣੀ ਹੈ ਤੇ ਉਸੇ ਦਾ ਉਹ ਧਾਰਨੀ ਹੈ।

ਇਨ੍ਹਾਂ ਤੱਥਾਂ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਿੱਖ ਧਰਮ ਆਪਣੇ ਆਪ ਵਿਚ ਵਿਲੱਖਣ ਤੇ ਪੂਰਨ ਧਰਮ ਹੈ। ਇਸ ਦੇ ਬਹੁਤ ਸਾਰੇ ਸਿਧਾਂਤ ਬਾਕੀ ਧਰਮਾਂ ਦੇ ਸਿਧਾਂਤਾਂ ਨਾਲ ਮਿਲਦੇ ਵੀ ਹਨ ਤੇ ਬਹੁਤਿਆਂ ਨਾਲ ਮੱਤ ਦਾ ਵਿਖਰੇਵਾਂ ਵੀ ਹੈ। ਪਰ ਸਿੱਖ ਧਰਮ ਦਾ ਦ੍ਰਿਸ਼ਟੀਕੋਣ ਬੜਾ ਵਿਸ਼ਾਲ ਹੈ ਤੇ ਸਾਰੀ ਮਨੁੱਖਤਾ ਨੂੰ ਏਕ ਪਿਤਾ ਕੇ ਬਾਰਿਕ ਸਮਝ ਕੇ ਸੱਭ ਨੂੰ ਆਪਣੇ ਪਿਆਰ-ਕਲਾਵੇ ਵਿਚ ਲੈਂਦਾ ਹੈ, ਬਗੈਰ ਕਿਸੇ ਵਰਣ, ਜਾਤ, ਗੋਤ, ਨਸਲ ਦੇ ਵਿਤਕਰੇ ਦੇ। ਉਹ ਕਿਸੇ ਨਾਲ ਨਫ਼ਰਤ ਨਹੀਂ ਕਰਦਾ ਤੇ ਨਾ ਹੀ ਕਿਸੇ ਨੂੰ ਵੈਰੀ ਜਾਂ ਬਿਗਾਨਾ ਸਮਝਦਾ ਹੈ–

"ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ॥ (੧੨੯੯)

ਸਿੱਖ ਨੂੰ ਹਿੰਦੂ, ਮੁਸਲਮਾਨ ਅਤੇ ਈਸਾਈ ਆਦਿ ਵਿਚ ਕੋਈ ਅੰਤਰਾ ਨਹੀਂ ਭਾਸਦਾ, ਉਸਦੇ ਸਾਹਮਣੇ ਤਾਂ ਦਸ਼ਮੇਸ਼ ਜੀ ਦਾ ਫ਼ੁਰਮਾਨ ਹੈ:-

"ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸਾਫੀ, ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ॥੮੫॥

ਇਤਿਹਾਸ ਗਵਾਹ ਹੈ ਕਿ ਸਿੱਖ ਧਰਮ ਦੇ ਹਿਤੈਸ਼ੀਆਂ ਵਿਚ ਹਿੰਦੂ ਵੀ ਹੋਏ ਹਨ ਤੇ ਮੁਸਲਿਮ ਵੀ ਅਤੇ ਇਸ ਦੇ ਨਾਲ ਹੀ ਇਸ ਦਾ ਵਿਰੋਧ ਜਿਥੇ ਕੁਝ ਕਟੜ ਮੁਸਲਮਾਨਾਂ ਨੇ ਕੀਤਾ ਉਥੇ ਕੁਝ ਸੁਆਰਥੀ ਤੇ ਬੁਜ਼ਦਿਲ ਹਿੰਦੂ ਵੀ ਇਸ ਦੇ ਵਿਰੋਧੀ ਬਣੇ। ਖਾਲਸੇ ਦਾ ਵਿਰੋਧ ਕਿਸੇ ਫ਼ਿਰਕੇ ਜਾਂ ਵਿਅਕਤੀ ਵਿਰੁੱਧ ਨਹੀਂ, ਸਗੋਂ ਦੁਸ਼ਟਾਂ ਦੋਖੀਆਂ ਨਾਲ ਹੈ ਉਹ ਭਾਵੇਂ ਕਿਸੇ ਵੀ ਫ਼ਿਰਕੇ ਵਿਚੋਂ ਹੋਣ। ਯਾਦ ਰੱਖਣ ਵਾਲੀ ਗੱਲ ਹੈ ਕਿ ਦੁਸ਼ਟ-ਬੁੱਧੀ ਮਸੰਦਾਂ ਨੂੰ ਗੁਰੂ ਪਾਤਸ਼ਾਹ ਨੇ ਆਪ ਤੇਲ ਪਾ ਕੇ ਫੂਕਿਆ ਸੀ।

ਸੋ ਖਾਲਸੇ ਦਾ ਧਾਰਮਿਕ ਫਲਸਫਾ, ਚੱਜ ਆਚਾਰ, ਮਾਨ ਮਰਯਾਦਾ, ਖਾਨ ਪਾਨ, ਪਹਿਰਾਨ ਆਸ਼ਾ, ਇਸਟ ਉਪਾਸਨਾ, ਸਭ ਕੁਝ ਵਿਲੱਖਣ ਤੇ ਨਿਰਾਲਾ ਹੈ।

— — — —



www.AKJ.Org

# ਪੰਜ ਪਿਆਰਿਆਂ ਦੀ ਚੋਣ ਦੀ ਕਹਾਣੀ ਇਕ ਚਸ਼ਮ-ਦੀਦ ਗਵਾਹ ਦੀ ਜ਼ੁਬਾਨੀ

(ਸੂਬੇਦਾਰ ਧਰਮ ਸਿੰਘ ਸੁੱਜੋਂ)

ਆਪਣੇ ਹੀ ਪੰਥ ਦੇ ਕੁੱਝ ਅਸਰਧਕ ਸੱਜਣ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ (ਪੰਨਾ ੧੬੬) ਦੇ ਸਿਧਾਂਤ ਤੋਂ ਅਣਜਾਣ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਵਾਗੂੰ ਇਕ ਆਮ ਇਨਸਾਨ ਹੀ ਸਮਝਦੇ ਹਨ। ਇਸ ਕਾਰਣ ਵਿਸਾਖੀ 1699 ਦੇ ਸਮੇਂ ਕਲਗੀਧਰ ਜੀ ਵਲੋਂ ਪੰਜ ਪਿਆਰਿਆ ਦੀ ਚੋਣ ਵੇਲੇ ਦੇ ਕੌਤਕ ਬਾਰੇ ਆਖਦੇ ਹਨ ਕਿ ਕਲਗੀਧਰ ਜੀ ਨੇ, ਸਿੱਖ ਨਹੀਂ ਬਕਰੇ ਝਟਕਾਏ ਸਨ। ਉਨ੍ਹਾ ਦੇ ਐਸਾ ਆਖਣ ਪਿੱਛੇ ਉਨ੍ਹਾ ਦੇ ਦਿਲ ਵਿਚ ਇਹ ਡਰ ਕੰਮ ਕਰਦਾ ਨਜ਼ਰ ਆਉਂਦਾ ਹੈ ਕਿ ਕਿਸੀ ਨੂੰ ਕਤਲ ਕਰਕੇ ਮੁੜ ਜ਼ਿੰਦਾ ਨਹੀਂ ਕੀਤਾ ਜਾ ਸਕਦਾ। ਇਸ ਲਈ ਉਨ੍ਹਾ ਨੇ ਸਿੱਖਾਂ ਦੀ ਥਾਂ ਬਕਰੇ ਝਟਕਾਉਣ ਦੀ ਕਹਾਣੀ ਨੂੰ ਜਨਮ ਦਿੱਤਾ ਪਰ ਐਸੀ ਮਨਘੜਤ ਕਹਾਣੀ ਘੜਨ ਵੇਲੇ ਉਨ੍ਹਾਂ ਨੇ, ਕੌਮ ਤੋਂ ਸਾਰਾ ਹੀ ਪਰਿਵਾਰ ਕੁਰਬਾਨ ਕਰਨ ਵਾਲੇ ਕਲਗੀਧਰ ਜੀ ਨੂੰ, ਜਿਸ ਦੀ ਮਿਸਾਲ ਸਾਰੀ ਦੁਨੀਆਂ ਦੀ ਤਵਾਰੀਖ ਵਿਚ ਕਿਤੇ ਨਹੀਂ ਮਿਲਦੀ, ਇਕ ਮਦਾਰੀ ਬਣਾ ਕੇ ਰੱਖ ਦਿੱਤਾ। ਮਦਾਰੀ ਪਰਦੇ ਪਿੱਛੇ ਕਰਦਾ ਕੁੱਝ ਹੈ ਅਤੇ ਲੋਕਾ ਨੂੰ ਦਿਖਾਉਂਦਾ ਕੁੱਝ ਹੋਰ ਹੈ।

ਆਪਿ ਨ ਦੇਹਿ ਚੁਰੂ ਭਰਿ ਪਾਨੀ॥ ਤਿਹ ਨਿੰਦਹ ਜਿਹ ਗੰਗਾ ਆਨੀ॥ (ਪੰਨਾ 332) ਉਹ ਲੋਕ ਆਪ ਤਾਂ ਆਪਣੀ ਉਂਗਲੀ ਤੋਂ ਵੀ ਖ਼ੂਨ ਦਾ ਇਕ ਕਤਰਾ ਨਹੀਂ ਦੇ ਸਕਦੇ ਤੇ ਨਿੰਦਾ ਕਰਦੇ ਹਨ, ਕਲਗੀਧਰ ਜੀ ਦੀ ਜਿਨ੍ਹਾਂ ਨੇ ਸਾਰਾ ਸਰਬੰਸ ਹੀ ਕੁਰਬਾਨ ਕਰ ਦਿੱਤਾ ਸੀ। ਇਹ ਆਖ ਕੇ ਸਿੱਖ ਨਹੀਂ ਬਕਰੇ ਝਟਕਾਏ ਸਨ, ਕਲਗੀਧਰ, ਜੀ ਨੂੰ ਛੁਟਿਆਉਣ ਦੀਆ ਸਾਰੀਆਂ ਹੱਦਾ ਪਾਰ ਕਰ ਜਾਂਦੇ ਹਨ। ਜੇ ਇਹ ਸੱਜਣ ਇਹ ਜਾਣਦੇ ਹੁੰਦੇ ਕਿ *"ਪਾਰਬ੍ਰਹਮ ਪੂਰਨ ਬ੍ਰਹਮ ਗੁਰੂ ਨਾਨਕ ਦੇਉ॥"* (ਵਾਰਾਂ ਭਾਈ ਗੁਰਦਾਸ, ਵਾਰ 13/25)ਦੀ ਜੋਤਿ ਹੀ ਕਲਗੀਧਰ ਵਿਚ ਵਿਚਰਦੀ ਸੀ ਤੇ ਪਾਰਬ੍ਰਹਮ ਪੂਰਨ ਬ੍ਰਹਮ, ਪੂਰੇ ਸੰਸਾਰ ਦੀ ਰਚਨਾ ਕਰ ਸਕਦਾ ਹੈ ਤਾਂ ਕੀ ਉਸ ਦੀ ਜੋਤਿ ਪੰਜ ਸਿੰਘ ਵੀ ਜ਼ਿੰਦਾ ਨਹੀਂ ਸੀ ਕਰ ਸਕਦੀ? ਬਕਰੇ ਝਟਕਾਉਣ ਦੀ ਕਹਾਣੀ ਘੜਨ ਵਾਲਿਆ ਅਤੇ ਇਸ ਮਨਘੜਤ ਕਹਾਣੀ ਤੇ ਵਿਸ਼ਵਾਸ਼ ਕਰਨ ਵਾਲਿਆ ਤੇ ਅਫ਼ਸੋਸ ਹੀ ਕੀਤਾ ਜਾ ਸਕਦਾ ਹੈ।

ਆਓ ਅੱਜ ਆਪ ਜੀ ਨੂੰ ਕਲਗੀਧਰ ਜੀ ਦੇ ਇਸ ਕੌਤਕ ਦੇ ਇਕ "ਚਸ਼ਮ-ਦੀਦ" ਗਵਾਹ ਦੇ ਦਰਸਨ ਕਰਵਾਈਏ। ਆਪ ਜੀ, ਇਸ ਸਾਰੇ ਵਾਕਿਆ ਦੀ ਕਹਾਣੀ, ਉਸ ਚਸ਼ਮ-ਦੀਦ ਗਵਾਹ ਦੀ ਜ਼ੁਬਾਨੀ ਹੀ ਸੁਣੋ। ਉਹ ਗਵਾਹ ਹੈ ਔਰੰਗਜ਼ੇਬ ਦਾ ਜਸੂਸ ਅਬੁੱਲ ਤੁਰਾਨੀ, ਜੋ ਕਲਗੀਧਰ ਜੀ ਦੇ ਦਰਬਾਰ ਵਿਚ ਇਕ ਬ੍ਰਾਹਮਣ ਦਾ ਭੇਸ ਧਾਰ ਕੇ ਰਹਿੰਦਾ ਸੀ ਅਤੇ ਸਾਰੀ ਗਤੀ ਵਿਧੀਆਂ ਦੀਆ ਰਿਪੋਰਟਾਂ ਔਰੰਗਜ਼ੇਬ ਨੂੰ ਭੇਜਦਾ ਸੀ। ਇਸ ਦਾ ਸਾਰਾ ਬਿਰਤਾਂਤ 'ਸੰਤ ਖਾਲਸਾ ਤ੍ਰੈਸਤਾਬਦੀ' ਵਿਚਿੱਤਰ ਵਿਸਾਖੀ ਨਾਮੀ ਪੁਸਤਕ ਵਿਚ ਛਪਿਆ ਹੈ, ਜਿਸ ਵਿਚੋਂ ਕੁੱਝ ਟੂਕਾ ਆਪ ਜੀ ਦੀ ਜਾਣਕਾਰੀ ਲਈ ਪੇਸ਼ੇ ਖਿਦਮਤ ਹਨ।

ਗੁਰੂ ਦਸ਼ਮੇਸ਼ ਜੀ ਤਾਂ ਗੁਰੂ ਨਾਨਕ ਦੀ ਦਸਵੀਂ ਜੋਤੀ ਦਾ ਪ੍ਰਕਾਸ਼ ਸਨ। ਸਮੱਰਥ ਪੁੱਰਖ ਦੇ ਕੀਤੇ ਕੰਮਾ ਨੂੰ ਸਮਝਣਾ ਸੰਸਾਰੀ ਜੀਵਾਂ ਦੀ ਪਹੁੰਚ ਤੋਂ ਪਰ੍ਹੇ ਹੈ। 'ਮੂਰਖ ਲੋਗ ਅਜਾਣ ਇਹੈ ਕਛੂ ਨਾੜ ਚਰਿਤ੍ਰ ਭੇਦ ਨਾ ਜਾਣੋ। ਕਿਵੇਂ ਜਾਣ ਸਕਦੇ ਹਨ ? ਉਨ੍ਹਾਂ ਬ੍ਰਹਮ ਗਿਆਨੀ ਮਹਾਂ ਪੁਰਸ਼ਾ ਦਾ ਪਾਰਾਵਾਰ ਕੋਣ ਪ੍ਰਾਣੀ ਪਾ ਸਕਦਾ ਹੈ।

ਦਾਸ ਨੇ ਮਹਾਪੁਰਸ਼ਾ ਦੇ ਨਜ਼ਦੀਕ ਤੋਂ ਬਚਨ ਸ੍ਰਵਣੀ ਸੁਣੇ ਹਨ। ਉਨ੍ਹਾਂ ਦਾ ਨਿਸ਼ਚਾ ਇਹ ਨਹੀਂ ਕਿ ਗੁਰੂ ਸਾਹਿਬ ਨੇ ਸਿੱਖ ਸੰਗਤ ਸਾਹਮਣੇ ਕੋਈ ਨਾਟਕ ਕੀਤੇ। ਗੁਰੂ ਜੀ ਨੇ ਤਾਂ ਲਿਖਿਆ ਹੈ :

'ਨਾਂਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹਿ ਆਵਤ ਲਾਜਾ॥

ਅੰਦਰ ਬੱਕਰੇ, ਮਾਰਨੇ, ਬਾਹਰ ਪ੍ਰਗਟ ਕਰਨਾ ਕਿ ਬੰਦੇ ਮਾਰੇ ਹਨ- ਇਹ ਧੋਖਾ ਗੁਰੂ ਜੀ ਕਿਵੇਂ ਕਰ ਸਕਦੇ ਸਨ ? ਜਫਰਨਾਮੇ ਵਿਚ ਗੁਰੂ ਜੀ ਲਿਖਦੇ ਹਨ :-



www.AKJ.Org

'ਹਮਾ ਮਰਦ ਬਾਇਦ ਸ਼ਵੱਦ ਸੁਮਨ ਵਗ॥ ਨਾ ਸ਼ਿਕਮੇ ਦਿਗਰ ਦਰ ਦਹਾਕੇ ਦਿਰਾਹ॥

ਭਾਵ- ਮਰਦ ਉਹ ਹੀ ਬੰਦਾ ਹੈ ਜਿਸ ਦੇ ਮਨ ਅਤੇ ਬਾਹਰ ਇਕੋ ਹੀ ਧਾਰਨਾ ਹੋਵੇ ਅਤੇ

'ਜਿਨ ਮਨ ਹੋਰ ਮੁਖ ਹੋਰ ਸੈ ਕਾਂਢੇ ਕਚਿਆ॥ (ਆਦਿ ਗ੍ਰੰਥ)

ਹੁਣ ਅਸੀਂ ਸਮਝਣਾ ਹੈ ਕਿ ਕੀ ਖਾਲਸੇ ਦੀ ਰਚਨਾ ਇਕ ਨਾਟਕ ਸੀ ? ਨਹੀਂ ਕਦਾਚਿਤ ਨਹੀਂ। ਇਹ ਯਥਾਰਥ ਸੀ। ਦੇਖੋ ਹੇਠ ਲਿਖਿਆ ਅੱਖੀ ਦੇਖਿਆ ਸਹੀ ਵਾਕਿਆ। ਇਹ ਸਾਨੂੰ 'ਰਾਮਗੜ੍ਹੀਆ' ਇਤਿਹਾਸ ਰਚਨਕਾਰ ਬਖਸ਼ੀ ਸਿੰਘ ਆਦਿਲ ਦੀ ਕਿਤਾਬ ਵਿਚੋਂ ਮਿਲਿਆ ਹੈ। ਇਸ ਨੂੰ ਉਰਦੂ ਦੀ ਇਕ ਕਿਤਾਬ ਜਿਸ ਦਾ ਲਿਖਾਰੀ ਕੋਈ 'ਅਬਲ ਤੁਰਾਨੀ ਹੈ, ਅਤੇ ਇਹ ਕਿਤਾਬ ਅਲੀਗੜ੍ਹ ਯੂਨੀਵਰਸਿਟੀ ਵਿਚ ਪਈ ਦੱਸੀ ਹੈ, ਵਿਚੋਂ ਇਹ ਵਾਕਿਆ ਆਪਣੀ ਕਿਤਾਬ ਵਿਚ ਦਰਜ ਕੀਤਾ ਹੈ, ਜੋ ਇਸ ਤਰ੍ਹਾਂ ਹੈ :-

ਇਹ ਅਬਲ ਤੁਰਾਨੀ ਪਹਿਲਾ ਬ੍ਰਾਹਮਣ ਸੀ, ਫਿਰ ਮੁਸਲਮਾਨ ਹੋ ਗਿਆ ਸੀ ਅਤੇ ਔਰੰਗਜ਼ੇਬ ਵੱਲੋਂ ਦਸ਼ਮੇਸ ਜੀ ਦੇ ਦਰਬਾਰ ਵਿਚ ਬ੍ਰਾਹਮਣ ਰੂਪ ਵਿਚ ਦਰਬਾਰ ਦੀ ਸਾਰੀ ਰਿਪੋਰਟ ਦਿੱਲੀ ਔਰੰਗਜ਼ੇਬ ਨੂੰ ਘਲਦਾ ਸੀ ਅਤੇ ਇਹ ਗੁਰੂ ਜੀ ਦੇ ਮਾਲੀ ਗੁਲਾਬੇ ਦੇ ਕੋਲ ਰਹਿੰਦਾ ਸੀ। ਭਾਈ ਵੀਰ ਸਿੰਘ ਜੀ ਨੇ ਵੀ ਕਲਗੀਧਰ ਚਮਤਕਾਰ ਵਿਚ ਇਸ ਅਬਲ ਤੁਰਾਨੀ ਦਾ ਜ਼ਿਕਰ ਕੀਤਾ ਹੈ ਇਹ ਡੇਢ ਦੋ ਸਾਲ ਇਸੇ ਤਰ੍ਹਾਂ ਬ੍ਰਾਹਮਣ ਬਣ ਕੇ ਗੁਰੂ ਜੀ ਦੇ ਦਰਬਾਰ ਵਿਚ ਜਾਸੂਸੀ ਕਰਦਾ ਰਿਹਾ। ਇਹ ਆਪਣੀ ਉਪਰ ਦੱਸੀ ਕਿਤਾਬ ਵਿਚ ਲਿਖਦਾ ਹੈ :-

'ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਣ ਲਈ ਵੱਡਾਂ ਇਕੱਠ ਕੀਤਾ ਉਸ ਦਿਨ ਦੀਵਾਨ ਦੀ ਹਾਜ਼ਰੀ 34/40 ਹਜ਼ਾਰ ਦੇ ਕਰੀਬ ਸੀ।

ਅੱਗੇ ਦੱਸਦਾ ਹੈ ਕਿ ਮੁਗਲਾ ਦੇ ਚਾਰ ਤਖ਼ਤ ਸਨ - ਦਿੱਲੀ, ਆਗਰਾ, ਕਲਾਨੌਰ ਤੇ ਲਾਹੌਰ। ਪਰ ਗੁਰੂ ਜੀ ਦਾ ਤਖ਼ਤ ਮੁਗਲ ਬਾਦਸ਼ਾਹਾ ਦੇ ਤਖ਼ਤਾ ਨੂੰ ਮਾਤ ਕਰਦਾ ਸੀ। ਉਸ ਦਿਨ ਗੁਰੂ ਜੀ ਦਾ ਲਿਬਾਸ ਚੜ੍ਹਤ ਜਲਾਲ ਅਤੇ ਤੇਜ਼ ਅੜਲਵਾ ਸੀ। ਗੁਰੂ ਜੀ ਦਰਬਾਰ ਵਿਚ ਆਏ ਅਤੇ ਕ੍ਰਿਪਾਨ ਨੂੰ ਮਿਆਨ ਵਿਚੋਂ ਕੱਢ ਕੇ ਬਾ-ਆਵਾਜ਼ ਬੁਲੰਦ ਕਿਹਾ -

'ਮੈਨੂੰ ਇਕ ਸਿਰ ਦੀ ਲੋੜ ਹੈ'।

ਬਗੈਰ ਦੇਰੀ ਸੋਚ ਵਿਚਾਰ ਅਤੇ ਕਿਸੇ ਵੀ ਹੀਲ-ਹੁੱਜਤ ਦੇ ਦਯਾ ਸਿੰਘ ਆ ਹਾਜ਼ਰ ਹੋਇਆ। ਗੁਰੂ ਜੀ ਨੇ ਭਰੇ ਦਰਬਾਰ ਵਿਚ ਜਿਥੇ ਉਹ ਖਲੋਤੇ ਸਨ, ਸਭਨਾ ਦੇ ਸਾਹਮਣੇ ਇਕ ਭਰਪੂਰ ਵਾਰ ਕੀਤਾ, ਅਤੇ ਸਿਰ ਧੜ ਨਾਲੋਂ ਜੁਦਾ ਹੋ ਗਿਆ। ਦਰਬਾਰ ਵਿਚ ਸਨਸਨੀ ਫੈਲ ਗਈ ਅਤੇ ਬਹੁਤ ਆਦਮੀ ਸਤੰਭ ਤੇ ਅਵਾਕ ਰਹਿ ਗਏ। ਗੁਰੂ ਜੀ ਨੇ ਫੇਰ ਗਰਜਵੀਂ ਅਤੇ ਕੜਕਵੀਂ ਆਵਾਜ਼ ਵਿਚ ਕਿਹਾ :-

'ਮੈਨੂੰ ਇਕ ਹੋਰ ਸਿਰ ਦੀ ਲੋੜ ਹੈ'।

ਝੱਟ ਧਰਮ ਸਿੰਘ ਉਠਿਆ ਜਾ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਇਸ ਦਾ ਵੀ ਸਿਰ ਧੜ ਨਾਲੋਂ ਵੱਖਰਾ ਕਰ ਦਿੱਤਾ। ਦੀਵਾਨ ਵਿਚ ਖਲਬਲੀ ਮੱਚ ਗਈ, ਭਾਜੜ ਪੈ ਗਈ। ਗੁਰੂ ਜੀ ਨੇ ਬਾ-ਆਵਾਜ਼ ਬੁਲੰਦ ਇਕ ਹੋਰ ਸਿਰ ਮੰਗਿਆ ਤੇ ਯਕੇ ਬਾਦ ਦੀਗਰੇ ਹਿੰਮਤ (ਸਿੰਘ) ਮੋਹਕਮ ਸਿੰਘ ਅਤੇ ਸਾਹਿਬ ਸਿੰਘ, ਇਨ੍ਹਾਂ ਪੰਜਾ ਨੂੰ ਕਤਲ ਕਰ ਦਿੱਤੇ ਅਤੇ ਕਈ ਆਦਮੀ ਮਾਤਾ ਜੀ ਪਾਸ ਪਹੁੰਚੇ ਤੇ ਸਾਰੀ ਵਿਥਿਆ ਜਾ ਸੁਣਾਈ ।....

ਗੁਰੂ ਜੀ ਨੇ ਉਨ੍ਹਾਂ ਦੇ ਪੰਜਾ ਸਰੀਰਾ ਅਤੇ ਕੱਪੜਿਆ ਨੂੰ ਚੰਗੀ ਤਰ੍ਹਾਂ ਧੋਤਾ, ਫਰਸ ਵੀ ਸਾਫ ਕੀਤਾ ਅਤੇ ਖ਼ੂਨ ਦਾ ਦਾਗ ਕਿਤੇ ਵੀ ਰਹਿਣ ਨਾ ਦਿੱਤਾ। ਫਿਰ ਉਸ ਕਾਫਰਾ (ਹਿੰਦੂਆ) ਦੇ ਪੀਰ ਨੇ, ਇਕ ਸਿਰ ਦੂਸਰੇ ਧੜ ਨਾਲ, ਭਾਵ ਇਹ ਨਹੀਂ ਦੇਖਿਆ ਕਿ ਧੜ ਕਿਸ ਦਾ ਰਲਾ-ਮਿਲਾ ਜੋੜ ਦਿੱਤੇ।

(ਨੋਟ :- ਗੁਰੂ ਜੀ ਸਰਬ ਸਮਰੱਥ ਸਨ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਕਿਸ ਸੀਸ ਨੂੰ ਕਿਸ ਧੜ ਨਾਲ ਜੋੜਨਾ ਹੈ। ਇਕੱਠੇ ਪਏ ਸਰੀਰਾ ਤੇ ਧੜਾ ਨੂੰ ਦੇਖ ਅਬੁਲ ਤੁਰਾਨੀ ਨੂੰ ਸ਼ੱਕ ਹੋ ਗਿਆ ਜਾਪਦਾ ਹੈ ਕਿ ਸਿਰ ਕਿਸੇ ਦਾ ਤੇ ਸਰੀਰ ਕਿਸੇ ਹੋਰ ਦਾ ਨਾਲ ਜੋੜ ਦਿੱਤੇ ਗਏ ਹੋਣ। ਇਹ ਅਬੁਲ ਤੁਰਾਨੀ



www.AKJ.Org

ਨੂੰ ਸ਼ੱਕ ਹੈ। ਕਲਗੀਧਰ ਜੀ ਜਾਣੀ-ਜਾਣ ਹੁੰਦੇ ਹੋਏ ਐਸੀ ਗਲਤੀ ਨਹੀਂ ਸੀ ਕਰ ਸਕਦੇ)

ਤਕਰੀਬਨ ਘੰਟੇ ਕੁ ਬੀਚ ਹੀ ਹਿਕਮਤੇ ਅਮਲੀ ਨਾਲ ਸੀ ਦਿੱਤੇ ਅਤੇ ਉਨ੍ਹਾ ਪੰਜਾ ਲਾਸ਼ਾ ਉਪਰ ਚਿੱਟੇ ਕੱਪੜੇ ਪਾ ਦਿੱਤੇ। ਫਿਰ ਪੱਥਰ ਦੇ ਕੂੰਡੇ ਉਤੇ ਲੋਹੇ ਦੀ ਕੜਾਹੀ (ਜਿਸ ਨੂੰ ਸਿੱਖ ਬਾਟਾ ਆਖਦੇ ਹਨ) ਵਿਚ ਪਾਣੀ ਪਾ ਆਪਣੀ ਤਲਵਾਰ ਫੇਰਨ ਲੱਗ ਪਿਆ ਤੇ ਕੋਈ ਕਲਮਾਂ ਪੜ੍ਹਦਾ ਰਿਹਾ। ਇਹ ਡੇਢ ਦੋ ਘੰਟੇ ਹੁੰਦਾ ਰਿਹਾ। ਏਸੇ ਸਮੇਂ ਕਾਫਰਾ ਦੇ ਪੀਰ ਦੀ ਕਿਸੇ ਔਰਤ ਨੇ ਬਾਟੇ ਵਿਚ ਕੁਝ ਲਿਆ ਕੇ ਪਾ ਦਿੱਤਾ। ਹੁਣ ਆਬੇ-ਹਿਯਾਤ ਤਿਆਰ ਹੋ ਚੁੱਕਾ ਸੀ।

ਗੁਰੂ ਜੀ ਨੇ ਉਨ੍ਹਾ ਲਾਸ਼ਾ ਤੋਂ ਪੜਦਾ ਚੁੱਕ ਪਹਿਲਾਂ ਦਇਆ ਸਿੰਘ ਦੇ ਸਿਰਹਾਣੇ ਬੈਠ ਮੂੰਹ ਖੋਲ੍ਹ ਆਬੇ-ਹਿਯਾਤ ਉਸਦੇ ਮੂੰਹ ਵਿਚ ਪਾਇਆ ਤੇ ਸਾਰੇ ਸਰੀਰ ਤੇ ਛਿੜਕਿਆ ਤੇ ਆਖਿਆ, "ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।" ਇਹ ਕਹਿੰਦੇ ਸਾਰ ਹੀ ਦਇਆ ਸਿੰਘ ਉਠ ਖਲੋ ਗਿਆ ਅਤੇ ਉਚੀ ਸਾਰੀ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ਬੋਲਿਆ। ਭਰੇ ਦੀਵਾਨ ਵਿਚ ਸਕਤਾ ਦਾ ਆਲਮ ਤਾਰੀ ਹੋ ਗਿਆ। ਹਜ਼ਾਰਾ ਇਨਸਾਨਾ ਦੇ ਹੁੰਦਿਆਂ ਹੋਇਆ ਕੋਈ ਉਚੀ ਸਾਹ ਨਹੀਂ ਸੀ ਲੈ ਰਿਹਾ ਅਤੇ ਦੀਵਾਨ ਵਿਚ ਬੈਠੇ ਆਦਮੀ ਗੁਰੂ ਜੀ ਦੀ ਕਰਾਮਾਤ ਉਤੇ ਮੁਗਧ ਹੋਏ ਕਿਸੇ ਜਾਦੂ ਦੇ ਅਸਰ ਹੇਠ ਕੀਲੇ ਹੋਏ ਬੈਠੇ ਰਹੇ। ਇਸੇ ਤਰ੍ਹਾ ਯਕੇ ਬਾਦ ਦੀਗਰੇ ਉਨ੍ਹਾਂ ਚੌਹਾ ਨੂੰ ਵੀ ਆਬੇ-ਹਿਯਾਤ ਪਿਲਾ, ਉਸੇ ਤਰ੍ਹਾ ਆਬੇ ਹਿਯਾਤ ਛਿੜਕ ਬੋਲੇ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ਬੁਲਾ ਮੁੜ ਜ਼ਿੰਦਾ ਕਰ ਦਿੱਤਾ।

ਪਿਛੋਂ ਫੇਰ ਪੀਰ ਗੁਰੂ ਉਨ੍ਹਾ ਨੂੰ ਤੰਬੂ ਵਿਚ ਲੈ ਗਏ। ਕੁਝ ਚਿਰ ਬਾਅਦ ਗੁਰੂ ਆਪ ਅਤੇ ਉਹ ਪੰਜੇ ਆਦਮੀ ਪਿਛੇ ਤੰਬੂ ਵਿਚੋਂ ਬਾਹਰ ਨਿਕਲ ਆਏ ਅਤੇ ਉਹ ਸਫੈਦ ਬੇ-ਦਾਗ ਲਿਬਾਸ ਪਾਏ ਹੋਏ ਸਨ। (ਭਾਈ ਵੀਰ ਸਿੰਘ ਜੀ ਨੇ ਵੀ ਕਲਗੀਧਰ ਚਮਤਕਾਰ ਵਿਚ ਸਫੈਦ ਬਸਤਰ ਹੀ ਲਿਖੇ ਹਨ) ਉਹ ਪੰਜੇ ਮੁੜ ਜ਼ਿੰਦਾ ਕੀਤੇ ਆਦਮੀ, ਤੰਬੂ ਤੋਂ ਬਾਹਰ ਆ ਕੇ ਖਲੋ ਗਏ ਅਤੇ ਗੁਰੂ ਜੀ ਨੇ ਬੀਰ ਆਸਣ ਹੋਕਰ ਉਨ੍ਹਾ ਸਿੰਘਾ ਤੋਂ ਆਪ ਆਬੇ ਹਿਯਾਤ ਮੰਗਿਆ।

ਉਨ੍ਹਾਂ ਕਿਹਾ, "ਅਸੀਂ ਸਿਰ ਦੇ ਕੇ ਇਹ ਅਮੋਲ ਵਸਤੂ ਲਈ ਹੈ, ਤੁਸੀਂ ਇਸ ਲਈ ਕੀ ਦਿਓਗੇ ?" ਗੁਰੂ ਜੀ ਨੇ ਕਿਹਾ, "ਮੈਂ ਪ੍ਰਣ ਕਰਦਾ ਹਾ ਕਿ ਮੈਂ ਆਪਣਾ ਸਾਰਾ ਸਰਬੰਸ, ਮਾਤਾ, ਪਿਤਾ, ਪੁੱਤਰ, ਸਕੇ ਸਬੰਧੀ ਸਭ ਕੁਝ ਕੁਰਬਾਨ ਕਰ ਦਿਆਗਾ।" ਇਸਤੇ ਉਨ੍ਹਾ ਪੰਜਾਂ ਨੇ ਗੁਰੂ ਜੀ ਨੂੰ ਆਬੇ ਹਿਯਾਤ ਦੇ ਦਿੱਤਾ ਅਤੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਹੋ ਗਿਆ ਅਤੇ ਉਨ੍ਹਾ ਦੇ ਨਾਮ ਨਾਲ ਵੀ ਸਿੰਘ ਪਦ ਜੋੜ, ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੁਹਕੰਮ ਸਿੰਘ ਅਤੇ ਸਾਹਿਬ ਸਿੰਘ ਹੋ ਗਿਆ।

ਅਬੁਲ ਤੁਰਾਨੀ ਲਿਖਦਾ ਹੈ ਕਿ, "ਮੈਂ ਬਹੁਤ ਪਛਤਾਇਆ ਅਤੇ ਰੋਇਆ। ਉਸ ਸਮੇਂ ਉਥੇ ਹੀ ਹਜ਼ਾਰਾ ਆਦਮੀਆ ਨੇ ਉਹ ਆਬੇ ਹਿਯਾਤ ਪੀਤਾ। ਮੈਥੋਂ ਵੀ ਰਿਹਾ ਨਾ ਗਿਆ। ਮੈਂ ਵੀ ਆਪਣੇ ਆਪ ਨੂੰ ਧਿਕਾਰਦਾ ਅਤੇ ਪਛਤਾਦਾ ਹੋਇਆ ਉਸੇ ਵਕਤ ਕਿਸੇ ਮਿਕਨਾਤੀਸੀ ਕਸ਼ਿਸ਼ ਅਧੀਨ ਝੱਟ ਹੀ ਗੁਰੂ ਜੀ ਦੇ ਚਰਨਾ ਤੇ ਡਿੱਗ ਉਸ ਤੋਂ ਆਬੇ ਹਿਯਾਤ ਦੀ ਦਾਤ ਮੰਗੀ। ਗੁਰੂ ਜੀ ਜਿਹੜਾ ਮੇਰੇ ਪਖੰਡ ਅਤੇ ਭੰਡ ਨੂੰ ਜਾਣਦਾ ਸੀ, ਬੜੇ ਪਿਆਰ ਨਾਲ ਮੈਨੂੰ ਥਾਪਨਾ ਦੇ ਆਬੇ ਹਿਯਾਤ ਪਿਲਾ ਕੇ ਮੇਰਾ ਨਾਮ ਅਜਮੇਰ ਸਿੰਘ ਰੱਖ ਦਿੱਤਾ। ਮੇਰੇ ਜਨਮਾ ਜਨਮਾਤਰਾ ਦੇ ਪਾਪ ਇਸ ਤਰ੍ਹਾ ਉਸ ਦਿਨ ਕੱਟੇ ਗਏ। ਮੈਂ ਗੁਰੂ ਜੀ ਦੀ ਫੌਜ ਵਿਚ ਭਰਤੀ ਹੋ ਗਿਆ ਅਤੇ ਕਈ ਜੰਗਾਂ ਵਿਚ ਜ਼ੁਲਮ ਨਾਲ ਦੂ-ਬ-ਦੂ ਲੜਿਆ।

ਉਸੇ ਦਿਨ ਹੀ ਮੈਂ ਆਪਣੀ ਜ਼ਿੰਦਗੀ ਦੀ ਰਿਪੋਰਟ ਔਰੰਗਜ਼ੇਬ ਨੂੰ ਘੱਲ ਦਿੱਤੀ। ਇਸ ਦੀਵਾਨ ਵਿਚ ਵਾਪਰੀ ਅਤੇ ਅੱਖੀ ਡਿੱਠੀ ਘਟਨਾ ਦਾ ਸਾਰਾ ਹਾਲ ਵਿਸਥਾਰ ਨਾਲ ਖੋਲ੍ਹ ਕੇ ਰੱਖ ਦਿੱਤਾ ਅਤੇ ਬੜੇ ਜ਼ੋਰਦਾਰ ਲਫ਼ਜ਼ਾ ਵਿਚ ਔਰੰਗਜ਼ੇਬ ਨੂੰ ਤਾੜਨਾ ਕੀਤੀ ਕਿ ਖ਼ਬਰਦਾਰ । ਜੀਉਂਦੇ ਜਾਗਦੇ ਖ਼ੁਦਾ ਨਾਲ ਜ਼ੁਲਮ ਨਾ ਕਮਾ

(ਬਾਕੀ ਪੰਨਾ ੩੧ ਤੇ ...)



www.AKJ.Org

# ਇਕ ਦੂ ਜੀਭੌ ਲਖ ਹੋਹਿ

*(ਬੀਬੀ ਸੁਸ਼ੀਲ ਕੌਰ ਜੀ ਲੁਧਿਆਣਾ)*

ਕਿਸੇ ਗੁਰਮੁਖ ਪਿਆਰੇ ਦੀ ਬਦਲੀ ਹੋ ਗਈ। ਰੋਜ਼ੀ ਰੋਟੀ ਦੀ ਖਾਤਰ ਹਰ ਰੋਜ਼ ਦੂਸਰੇ ਸ਼ਹਿਰ ਜਾਣ ਲਈ ਬੱਸਾ ਤੇ ਧੱਕੇ ਖਾਣੇ ਪੈ ਗਏ। ਉਸ ਦੀ ਪਰੇਸ਼ਾਨੀ ਦੇਖ ਕੇ ਕਿਸੇ ਨਾਮ-ਬਾਣੀ ਦੇ ਰਸੀਏ ਨੇ ਸਲਾਹ ਦਿੱਤੀ ਕਿ ਉਹ ਸਫ਼ਰ ਕਰਦਿਆ ਸੜਕ ਦੇ ਦੋਨੀਂ ਪਾਸੀ ਲੱਗੇ ਦਰਖਤਾਂ, ਫ਼ੁੱਲ-ਬੂਟਿਆ ਅਤੇ ਫ਼ਸਲਾ ਨਾਲ ਰੱਬ ਦੀ ਗੱਲ ਕਰਨ ਦੀ ਸਾਂਝ ਪਾ ਲਵੇ। ਖਿੜਕੀ ਦੇ ਨਾਲ ਵਾਲੀ ਸੀਟ ਉਤੇ ਬੈਠਣ ਦੀ ਕੋਸ਼ਿਸ਼ ਕਰੇ ਅਤੇ ਖਿੜਕੀ ਤੋਂ ਬਾਹਰ ਅਪਰੰਪਾਰ ਵਾਹਿਗੁਰੂ ਦੀ ਕੁਦਰਤ ਨਾਲ ਇਕ ਸੁਰ ਹੋ ਕੇ ਸਿਮਰਨ ਕਰਦਿਆ ਸਫ਼ਰ ਦਾ ਸਮਾਂ ਬਤੀਤ ਕਰੇ।

ਉਸ ਨੇ ਇਸੇ ਤਰ੍ਹਾਂ ਹੀ ਕੀਤਾ। ਬੱਸ ਦੀ ਤੇਜ਼ ਰਫ਼ਤਾਰ ਨਾਲ ਦੌੜੀਆ ਜਾਂਦੀਆ ਦਰਖਤਾ ਦੀਆ ਲੰਮੀਆਂ ਕਤਾਰਾਂ ਉਸਦੀ ਸੁਰਤੀ ਨੂੰ ਲੰਬੀਆ ਉਡਾਰੀਆਂ ਬਖਸ਼ਣ ਲੱਗੀਆਂ। ਖੁੱਲੇ ਅਸਮਾਨ ਦੇ ਰੰਗ ਅਤੇ ਦਿੱਖ-ਹੱਦੇ ਦੀ ਅਸਚਰਜ ਖਿਚ ਉਸ ਨੂੰ ਸਿਰਜਣਹਾਰੇ ਨਾਲ ਜੋੜੀ ਰੱਖਦੀ। ਪਤਝੜ ਦੇ ਮੌਸਮ ਨੇ ਦਰਖਤਾ ਨੂੰ ਪੱਤਰ-ਵਿਹੂਣੇ ਕੀਤਾ ਹੋਇਆ ਸੀ। ਖੁੱਲੇ ਆਕਾਸ਼ ਵਿਚ ਫ਼ੈਲੇ ਲੰਬੇ-ਚੌੜੇ ਦਰਖਤਾ ਦੀਆ ਲੰਮ-ਸਲੰਮੀਆ ਟਾਹਣੀਆ ਦੇ ਜਾਲ ਵਿਚੋਂ ਦੌੜੇ ਜਾ ਰਹੇ ਚੜਦੇ ਅਤੇ ਲਹਿੰਦੇ ਸੂਰਜ ਦੀ ਲਿਸ਼ਕੋਰ ਵਿਚੋਂ ਉਹ ਜੋਤ-ਸਰੂਪੀ ਵਾਹਿਗੁਰੂ ਦੇ ਤੇਜ਼ ਪ੍ਰਤਾਪ ਦੇ ਨਜ਼ਾਰੇ ਲੱਭਦਾ। ਸਵੇਰੇ ਸ਼ਾਮੀ ਬੱਸ ਵਿਚ ਬੈਠਦਿਆ ਸਾਰ ਹੀ ਉਹ ਸੁਰਤੀ ਦੇ ਪਤੰਗ ਨੂੰ ਸਿਮਰਨ ਦੀ ਡੋਰ ਵਿਚ ਬੰਨ੍ਹ ਲੈਂਦਾ ਤੇ ਨਿਰੰਕਾਰ ਦੇ ਦੇਸ਼ ਵਿਚ ਪਹੁੰਚਣ ਲਈ ਗਗਨ-ਮੰਡਲ ਦੀਆਂ ਉਡਾਰੀਆਂ ਲਗਾਉਂਦਾ। ਪਿਆਰੇ ਪ੍ਰੀਤਮ ਦੇ ਦਰਸ਼ਨ-ਦੀਦਾਰਿਆ ਦਾ ਧਿਆਨ ਧਰ ਕੇ ਸੁਰਤੀ ਨੂੰ ਉਪਰ ਹੀ ਉਪਰ ਲਿਜਾਣ ਲਈ ਹੰਭਲੇ ਮਾਰਦਾ ਦੁਨਿਆਵੀ ਮੋਹ-ਮਾਇਆ ਦੇ ਜਾਲ ਤੋਂ ਮੂੰਹ ਮੋੜ ਕੇ ਹੋਰ ਉਪਰ ਜਾਦਾ। ਪ੍ਰੇਮ ਖਿਚਾ ਦੇ ਤੁਣਕੇ ਮਾਰ ਮਾਰ ਧੁਰ ਅਸਮਾਨੀ ਪਹੁੰਚਦਾ ਅਤੇ ਅੰਬਰ ਦਾ ਸੀਨਾ ਫ਼ਰੋਲ-ਫ਼ਰੋਲ ਪਿਆਰੇ ਦੇ ਦਰਸ਼ਨਾ ਦੀ ਸਿੱਕ ਦੀ ਵਿਚ ਬਹਿਬਲਤਾ ਵਿਚ ਲੀਨ ਹੋ ਜਾਦਾ।

ਇਕ ਦਿਨ ਉਸ ਨੇ ਚੜ੍ਹਦੇ ਸੂਰਜ ਦੀ ਲਪੇਟ ਵਿਚ ਆਈਆ ਹੋਈਆਂ ਦਰਖਤਾ ਦੀਆ ਨੰਗ-ਮੁਨੰਗੀਆ ਟਾਹਣੀਆਂ ਵੱਲ ਦੇਖ ਕੇ ਕਿਹਾ, "ਹੇ ਵਾਹਿਗੁਰੂ । ਇਨ੍ਹਾਂ ਨੂੰ ਐਸੇ ਪੱਤੇ ਦੇਵੀਂ, ਜਿਹੜੇ ਹਵਾ ਦੇ ਝੌਂਕਿਆ ਵਿਚ ਹਿਲਦੇ ਹੋਏ ਤੇਰਾ ਨਾਮ ਜਪਣ ਅਤੇ ਮੈਨੂੰ ਉਨ੍ਹਾ ਦੀ ਸੰਗਤ ਵਿਚ ਸਿਮਰਨ ਕਰਨ ਦੀ ਜਾਚ ਬਖਸ਼ੀ। ਹਰ ਰੋਜ਼ ਉਸ ਨੂੰ ਇਹੀ ਖਿਆਲ ਆਉਣ ਲੱਗਿਆ। ਇਸੇ ਤਰ੍ਹਾਂ ਹੀ ਕਲਾ ਧਾਰ ਦੀ ਕੁਦਰਤ ਵੱਲ ਦੇਖ ਦੇਖ ਰੀਝਦਿਆਂ ਮੌਸਮ ਬਦਲਿਆ। ਨਿਪੱਤਰੀਆਂ ਟਾਹਣੀਆਂ ਦੇ ਰੋਮ-ਰੋਮ ਵਿਚ ਦਾਨਿਆ ਵਾਂਗੂੰ ਉਭਰੇ ਨਿੱਕੇ-ਨਿੱਕੇ ਉਭਾਰਾ ਵਿਚੋਂ ਕਰੂੰਬਲਾਂ ਫ਼ੁੱਟੀਆਂ ਅਤੇ ਲਹਿ-ਲਹਿ ਕਰਦੀਆ ਲੱਗਰਾ ਵਿਚੋਂ "ਵਾਹਿਗੁਰੂ-ਵਾਹਿਗੁਰੂ....।" ਕਹਿਣ ਲਈ ਫ਼ੁੱਲ-ਪੱਤੀਆਂ ਵਰਗੇ ਕੂਲ੍ਹੇ ਤੇ ਰੇਸ਼ਮੀ ਪੱਤਿਆਂ ਨੇ ਮੂੰਹ ਖੋਲੇ। ਇਕ ਦੋ ਦਿਨਾਂ ਵਿਚ ਹੀ ਲਿਸ਼-ਲਿਸ਼ ਕਰਦੇ ਹਰੇ-ਕਚੋਹ ਪੱਤਿਆ ਨਾਲ ਡਾਲੀਆਂ ਭਰ ਗਈਆਂ। ਹਰ ਪਾਸੇ ਹਰਿਆਵਲ ਦੀ ਸੁੱਹਪਣ ਨੇ ਕਹਿਰ ਕੀਤਾ ਹੋਇਆ ਸੀ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਕਿਵੇਂ ਉਹ ਆਪਣੀ ਰੀਝ ਪੂਰੀ ਕਰਨ ਲਈ ਹਰ ਪੱਤੇ ਦੇ ਸਾਹਾਂ ਨਾਲ ਆਪਣੇਂ ਸਾਹ ਰਲਾ ਕੇ ਇਕ ਲੈਅ ਵਿਚ ਸਿਮਰਨ ਕਰੇ ਦਿਲ ਉਛਾਲੇ ਮਾਰ ਰਿਹਾ ਸੀ। ਪੱਤੇ ਬੜੀ ਸੋਹਣੀ ਤਰ੍ਹਾਂ ਹਿੱਲ-ਹਿੱਲ ਕੇ ਸਿਮਰਨ ਦੇ ਲੋਰ ਦੀਆ ਮਸਤੀਆ ਦੇ ਬੁੱਲ੍ਹੇ ਉਡਾ ਰਹੇ ਸੀ। ਉਹ ਨਜ਼ਰਾ ਰਾਹੀਂ ਹਰ ਇਕ ਪੱਤੇ ਦੀਆਂ ਰਗਾਂ ਵਿਚ ਰਹਿ ਰਹੀ ਨਮੀ ਵਿਚ ਆਪਣਾ ਆਪਾ ਡੁਬੋ ਕੇ ਕਣ-ਕਣ ਵਿਚ ਰਸੇ ਹੋਏ ਰਾਮ ਪਿਆਰੇ ਦੀਆ ਸੂਖਮਤਾਈਆਂ ਦੀਆ ਬਰੀਕੀਆਂ ਵਿਚ ਲਹੀ ਜਾ ਰਿਹਾ ਸੀ। ਪੱਤਿਆਂ ਦੀ ਠੰਡਕ ਦਾ ਰੰਗ ਮਾਣਦਿਆਂ ਉਸ ਨੇ ਅਮਰੀ ਕਾਗਾ ਦੇ ਸਹਾਰੇ ਬਾਬੇ ਨਾਨਕ ਦੀ ਸੁਰਤੀ ਦਾ ਪੱਲਾ ਫ਼ੜਿਆ ਅਤੇ ਨਾਮ ਰਸ ਦੀ ਸਾਵਤ ਬੂੰਦ ਨਾਲ ਤ੍ਰਿਪਤ ਹੋਣ ਲਈ ਪਪੀਹੇ ਵਾਲੀ ਪਿਆਸ ਨਾਲ

(ਬਾਕੀ ਪੰਨਾ ੨੦ ਤੇ ....)



www.AKJ.Org

# ਯਾਸਾ ਅਤੇ ਗੁਰੂ ਅਰਜਨ ਸਾਹਿਬ

*(ਸਿਰਦਾਰ ਕਪੂਰ ਸਿੰਘ ਜੀ)*

ਗੁਰੂ ਅਰਜਨ ਸਾਹਿਬ ਬਾਬਤ, ਮੁਗਲ ਸ਼ਹਿਨਸ਼ਾਹ, ਜਹਾਂਗੀਰ, ਨੇ ਆਪਣੀ ਡਾਇਰੀ, 'ਤੋਜ਼ਕੀ ਜਹਾਂਗੀਰੀ' ਵਿਚ ਇਉਂ ਲਿਖਿਆ ਹੈ:-

'ਦਰ ਗੋਇੰਦਵਾਲ ਕਿ ਬਰ ਕਿਨਾਰੇ ਦਰਯਾਏ ਬਿਆਹ ਵਾਕਿ ਅਸਤ, ਹਿੰਦੂਏ ਬੂਦ, ਅਰਜਨ ਨਾਮ, ਦਰ ਲਿਬਾਸੇ ਪੀਰੀ-ਓ-ਸ਼ੇਖੀ। ਚੁਨਾਂਚੀ ਬਿਸਯਾਰੇ ਅਜ਼ ਸਾਦਾ ਲੌਹਾਨੇ ਹਨੂਦ, ਬਲਕਿ ਨਾਦਾਨੋ ਸਫੀਹਾਨੇ ਇਸਲਾਮ ਰਾ ਮੁਕੱਯਦੇ ਅਤਵਾਰੋ ਔਜ਼ਾਏ ਖੁਦ ਸਾਖਤਾ ਕੂਸੇ ਪੀਰੀ-ਓ-ਵਲਾਯਤ ਰਾ ਬੁਲੰਦ ਆਵਾਜ਼ਾ ਗਰਦਾਨੀਦਾ ਬੂਦ। ਊ ਰਾ ਗੁਰੂ ਮੀ ਗੁਫਤੰਦ ਵ ਅਜ਼ ਅਤਰਾਫੋ ਜਵਾਨਿਬ ਗੋਲਾਨੇ ਗੂਲ ਪਰੱਸਤਾਂ ਬਦੂ ਰਜੂਹ ਆਵੁਰਦਾ ਇਹਤਕਾਦੇ ਤਮਾਮ ਬ ਊ ਅਜ਼ਹਾਰ ਮੀ ਕਰਦੰਦ। ਅਜ਼ ਸੀਹ ਚਹਾਰ ਪੁਸ਼ਤ ਊ ਈਂ ਦੁਕਾਨ ਰਾ ਗਰਮ ਮੀ ਦਾਸ਼ਤੰਦ। ਮੁੱਦਤਹਾ ਬਖਾਤਰ ਮੀ ਗੁਜ਼ੱਸ਼ਤ ਕਿ ਈਂ ਦੁਕਾਨੀ ਬਾਤਲ ਰਾ ਬਰਤਰਫ ਮੀ ਬਾਯਤ ਸਾਖਤ, ਯਾ ਊ ਰਾ ਦਰ ਜਿਰਗਾਏ ਅਹਲੀ ਇਸਲਾਮ ਦਰ ਬਾਯਦ ਆਵੁਰਦ। ਤਾ ਆ ਕਿ ਦਰੀਂ ਅੱਯਾਮ ਖਿਸਰੋ ਦਰੀਂ ਰਾਹ ਅਬੂਰ ਮੀਨਮੂਦ। ਈਂ ਮਰਦਕੇ ਮਜਹੂਲ ਇਰਾਦਹ ਕਰਦ ਕਿ ਮੁਲਾਜ਼ਮਤੇ ਊ ਰਾ ਦਰਯਾਬਦ। ਦਰ ਮੰਜ਼ਲੇ ਕਿ ਜਾਵ ਮੁਕਾਮੇ ਊ ਬੂਦ ਖਿਸਰੋ ਰਾ ਨਜ਼ੂਲ ਊਫਤਾਦ, ਆਮਦਹ ਊ ਚ ਦੀਦ ਵ ਬਾਹਜ਼ੇ ਮੁਕੱਦਮਾਤੇ ਫਰਾਯਾਫਤਾ ਬ ਊ ਰ ਸਾਨੀਦ ਵ ਬਰ ਪੇਸ਼ਾਨੀਏ ਊ ਅੰਗੁਸ਼ਤੇ ਅਜ਼ ਜ਼ਾਹਫਰਾਨ ਕਿ ਬ ਇਸਤਲਾਹੇ ਹਿੰਦੂਆਂ 'ਕਸ਼ਕਾ' ਗੁਇੰਦ, ਵਾ ਆਰਾ ਸ਼ਗੂਨ ਮੀ ਦਾਨੰਦ। ਚੂੰ ਈਂ ਮੁਕੱਦਮਾ ਬਸਮਾਹੇ ਜਾਹੇ ਜਲਾਲ ਮੀਰਸੰਦ, ਵ ਬੁਤਲਾਨੇ ਊ ਰਾ ਬਵੱਜ਼ਾ ਅਕਮਲ ਮੀ ਦਾਨਿਸਤਮ, ਅਮਰ ਕਰਦਮ ਕਿ ਊ ਰਾ ਹਾਜ਼ਰ ਸ ਖਤੰਦ ਵ ਮਸਾਕਿਨ ਵ ਮਨਾਜ਼ਲ ਵ ਫਰਜ਼ੰਦਾਨੇ ਊ ਰਾ ਮੁਰਤਜ਼ਾ ਖਾਂ ਇਨਾਯਤ ਨਮੂਦਮ ਵ ਅਸਬਾਬੋ ਅਮਵਾਲੇ ਊ ਰਾ ਬਕੈਦੇ ਜ਼ੱਬਤ ਦਰ ਆਵੁਰਦਹ ਫਰਮੂਦਮ ਕਿ ਊ ਰਾ ਬ ਸਿਯਾਸਤ-ਵ-ਬ-ਯਾਸਾ ਰਸਾਨੰਦ। (ਤੋਜ਼ਕਿ ਜਹਾਂਗੀਰੀ, ਸਫਾ 35)

ਜਹਾਂਗੀਰ ਦੇ ਇਸ ਹੁਕਮ, ਕਿ ਗੁਰੂ ਅਰਜਨ ਨੂੰ 'ਯਾਸਾ' ਅਨੁਸਾਰ ਦੰਡ ਦਿੱਤਾ ਜਾਵੇ, ਦੇ ਕੀ ਅਰਥ ਹਨ? ਤੋਜ਼ਕੀ ਜਹਾਂਗੀਰੀ ਦੇ ਉਲਥਾਉਣ ਵਾਲਿਆਂ ਅਤੇ ਸਿੱਖ ਤਵਾਰੀਖ ਦੇ ਲਿਖਾਰੀਆਂ ਨੇ 'ਯਾਸਾ' ਦਾ ਅਰਥ 'ਤਸੀਹਾ' ਜਾਂ 'ਤਸੀਹੇ' ਹੀ ਕਿਤਾ ਹੈ ਅਤੇ ਇਉਂ ਕਿਹਾ ਗਿਆ ਹੈ, ਕਿ 'ਯਾਸਾ' ਤੁਰਕੀ ਬੋਲੀ ਦਾ ਸ਼ਬਦ ਹੈ, ਜਿਸ ਦੇ ਕੀ ਅਰਥ ਹਨ: ਤਸੀਹਾ, ਦੁੱਖ, ਸਰੀਰਕ ਕਸ਼ਟ ਆਦਿ। ਇਹ ਗੱਲ ਕੇਵਲ ਫਾਰਸੀ ਬੋਲੀ ਦੀਆਂ ਡਿਕਸ਼ਨਰੀਆਂ ਤੇ ਕੋਸ਼ਾਂ ਆਧਾਰ 'ਤੇ ਹੀ ਮਿਥ ਲਈ ਗਈ ਹੈ। ਇਹ ਨਹੀਂ ਵਿਚਾਰਿਆ ਗਿਆ ਕਿ ਤੁਰਕੀ, ਜਾਂ ਵਾਸਤਵ ਵਿਚ ਮੰਗੋਲੀ, ਭਾਸ਼ਾ ਦਾ ਸ਼ਬਦ, 'ਯਾਸਾ', ਫ਼ਾਰਸੀ ਬੋਲੀ ਆਉਣ ਤੋਂ ਪਹਿਲਾ ਕੀ ਅਰਥ ਰਖਦਾ ਸੀ। ਇਹ ਨਹੀਂ ਸੋਚਿਆ ਗਿਆ ਕਿ ਤੋਜ਼ਕੀ ਜਹਾਂਗੀਰੀ ਦੇ ਲਿਖਣ ਵਾਲਾ ਇਕ ਮੰਗੋਲ ਨਸਲ ਦਾ ਸ਼ਹਿਨਸ਼ਾਹ ਹੈ ਅਤੇ 'ਯਾਸਾ' ਸ਼ਬਦ ਮੰਗੋਲ ਸ਼ਹਿਨਸ਼ਾਹ ਤੇ ਉਸ ਦੇ ਆਦਰਸ਼ਾਂ ਦਾ ਧੁਰਾ ਹੈ, ਤੇ ਇਸ ਲਈ ਜਹਾਂਗੀਰ ਦੇ ਲਿਖੇ ਹੋਏ 'ਯਾਸਾ' ਤੇ ਅਰਥ ਉਹ ਹੀ ਹੋ ਸਕਦੇ ਹਨ। ਜੋ ਮੰਗੋਲ ਸ਼ਾਹਨਸ਼ਾਹ ਸਮਝਦੇ ਰਹੇ ਹਨ। ਇਸ ਭੁਲੇਖੇ ਕਾਰਨ, ਇਉਂ ਇਹ ਮੰਨ ਲਿਆ ਗਿਆ ਹੈ, ਕਿ ਸ਼ਹਿਨਸ਼ਾਹ ਜਹਾਂਗੀਰ ਦਾ ਸ਼ਾਹੀ ਹੁਕਮ, ਗੁਰੂ ਅਰਜਨ ਦੇਵ ਬਾਰੇ ਇਹ ਸੀ, ਕਿ ਗੁਰੂ ਨੂੰ ਅੱਤ ਦੇ ਸਰੀਰਕ ਕਸ਼ਟ ਦੇ ਕੇ ਮਾਰ ਦਿੱਤਾ ਜਾਵੇ। ਇਹ ਹੁਕਮ ਸਰਕਾਰੀ ਅਹਿਲਕਾਰ, ਮੁਰਤਜ਼ਾ ਖਾਨ ਦੇ ਨਾਮ ਜਾਰੀ ਹੋਇਆ ਅਤੇ ਸਮਕਾਲੀ ਯਾ ਪਿਛਲੇਰੇ ਸਿੱਖ ਤਵਾਰੀਖ ਦੇ ਲਿਖਾਰੀਆਂ ਦੇ ਲਿਖੇ ਅਨੁਸਾਰ, ਸਰਕਾਰੀ ਮੁਨਸ਼ੀਖਾਨੇ ਦੇ ਕਿਸੇ ਕਲਰਕ ਯਾ 'ਦੀਵਾਨ' ਚੰਦੂ ਸ਼ਾਹ ਨਾਮੀ ਨੇ ਜਿਸ ਦਾ ਕਿ ਗੁਰੂ ਅਰਜਨ ਨਾਲ ਘਰੋਗੀ ਝਗੜਾ ਸੀ, ਗੁਰੂ ਸਾਹਿਬ ਨੂੰ ਅੱਤ ਦੇ ਤਸੀਹੇ ਦੇ ਕੇ ਲਾਹੌਰ ਵਿਚ ਸ਼ਹੀਦ ਕਰ ਦਿੱਤਾ।

ਤੋਜ਼ਕੀ ਜਹਾਂਗੀਰੀ ਦੀ ਉਪਰ ਦਿੱਤੀ ਲਿਖਤ ਦੇ ਪ੍ਰਗਟ ਹੋਣ ਤੋਂ ਪਹਿਲਾ ਤਾਂ ਸਿੱਖ ਤਵਾਰੀਖ ਦੇ ਲਿਖਾਰੀਆਂ ਤੇ ਪੜ੍ਹਣ ਵਿਚਾਰਨ ਵਾਲਿਆਂ ਅਤੇ ਸਿੱਖ ਦਾ ਇਹੋ ਪ੍ਰਪੱਕ ਵਿਸ਼ਵਾਸ ਸੀ ਜੋ ਗੁਰੂ ਅਰਜਨ ਨੂੰ ਸ਼ਹੀਦ ਕਰਨ ਦੀ ਸਾਰੀ ਜ਼ੁਮੇਵਾਰੀ 'ਦੀਵਾਨ ਚੰਦੂ ਸ਼ਾਹ' ਉੱਤੇ ਹੈ ਅਤੇ ਮੁਗਲ ਹਕੂਮਤ ਦਾ ਇਸ



www.AKJ.Org

ਸਾਕੇ ਵਿਚ ਸਿੱਧਾ ਜਾ ਵਿੰਗਾ ਕੋਈ ਹੱਥ ਨਹੀ ਸੀ। ਕਾਰਨ ਇਸ ਸਾਕੇ ਦਾ, ਚੰਦੂ ਸ਼ਾਹ ਦੀ, ਗੁਰੂ ਅਰਜਨ ਸਾਹਿਬ ਤੋਂ ਘਰੋਗੀ ਝਗੜਿਆ ਦਾ ਬਦਲਾ ਲੈਣ ਦੀ ਇੱਛਾ ਮੰਨ ਲਈ ਗਈ ਸੀ ਤੇ ਬੱਸ। ਇਹ ਹੁਣ ਸਪੱਸ਼ਟ ਹੈ, ਜੁ ਗੁਰੂ ਅਰਜਨ ਦੇਵ ਦੀ ਸ਼ਹੀਦੀ ਦ ਸਾਕੇ ਬਾਰੇ ਇਹ ਭੁਲੇਖਾ ਸਿੱਖ ਸੰਗਤਾਂ ਵਿਚ ਮੁੱਢੋਂ ਹੀ ਨਹੀਂ ਸੀ, ਕਿਤੇ ਪਿੱਛੋਂ ਜਾ ਕੇ ਪਾਇਆ ਜਾ ਪਿਆ ਜਾਪਦਾ ਹੈ, ਕਿਉਂਕਿ ਗੁਰੂ ਗੋਬਿੰਦ ਸਿੰਘ ਦੇ ਪਿੱਛੋਂ ਦੇ ਸਮੇਂ ਵਿਚ ''ਬੰਸਾਵਲੀ ਨਾਮਾ'' ਲਿਖਣ ਵਾਲਾ, ਕੇਸਰ ਸਿੰਘ ਛਿੱਬਰ ਇਸ ਗੱਲ ਨੂੰ ਜਾਣਦਾ ਸੀ ਕਿ ਗੁਰੂ ਦੀ ਸ਼ਹੀਦੀ ਵਿਚ ਮੁਗਲ ਹਕੂਮਤ ਦਾ ਹੱਥ ਹੈ। ਉਹ ਕਹਿੰਦਾ ਹੈ, ''ਖੱਖੇ ਦਾ ਖੱਖਾ ਵੈਰੀ, ਮੁੱਢ ਤੋਂ ਹੋਂਦਾ ਆਇਆ। ਆਪਣਿਆ ਨੇ ਧ੍ਰੋਹ ਕੀਤਾ, ਮੁਗਲਾ ਨੇ ਵੈਰ ਕਮਾਇਆ। ਕਿਸੇ ਹਿੰਦੂ ਹਾਹ ਨਾ ਮਾਰੀ, ਕਿਸੇ ਸਿੱਖ ਨੇ ਬਦਲਾ ਨਾ ਚਾਇਆ।'' ਛਿੱਬਰ ਗੁਰੂ ਰਾਮ ਦਾਸ ਦੇ ਪੁੱਤਰ, ਪ੍ਰਿਥੀ ਚੰਦ ਅਤੇ ਮੁਗਲ ਸ਼ਾਹਿਨਸ਼ਾਹ, ਜਹਾਂਗੀਰ ਦੇ ਇਸ ਸਾਕੇ ਵਿਚ ਹੱਥ ਹੋਣ ਬਾਬਤ, ਖੁਲ੍ਹੇ ਇਸ਼ਾਰੇ ਕਰਦਾ ਹੈ। ਜਾਪਦਾ ਹੈ ਜੋ ਪਿੱਛੋਂ ਜਾ ਕੇ, ਇਸੇ ਕਾਰਣ, ਇਹ ਭੁਲੇਖਾ ਪੈ ਗਿਆ ਅਤੇ ਪੱਕਾ ਹੋ ਗਿਆ ਕਿ ਗੁਰੂ ਅਰਜਨ ਨੂੰ ਸ਼ਹੀਦ ਕਰਨ ਦਾ ਕਾਰਣ ਤੇ ਕਰਤਾ, ਕੇਵਲ ''ਦੀਵਾਨ ਚੰਦੂ ਸ਼ਾਹ'' ਹੀ ਸੀ।

ਜਦੋਂ ਤੋਜ਼ਕੀ ਜਹਾਂਗੀਰੀ ਸ਼ਾਹਿਨਸ਼ਾਹ ਜਹਾਂਗੀਰ ਬਾਰੇ ਇਹ ਪਤਾ ਲੱਗਾ, ਕਿ ਉਸ ਨੇ ਆਪੂੰ ਮੰਨ ਲਿਆ ਹੈ ਕਿ ਗੁਰੂ ਅਰਜਨ ਦੇਵ ਦੀ ਯਹੀਦੀ ਦਾ ਹੁਕਮ ਉਸ ਨੇ ਆਪ ਜਾਰੀ ਕੀਤਾ ਸੀ, ਤਾ ਨਾਲ ਹੀ ਇਹ ਵੀ ਪ੍ਰਵਾਨ ਕਰ ਲਿਆ ਗਿਆ ਕਿ ਇਸ ਹੁਕਮ ਦੇ ਕਾਰਨ ਦੀਨੀ ਤੁਅੱਸਬ ਸੀ ਅਤੇ ਬਹਾਨਾ ਸ਼ਾਹਜ਼ਾਦੇ ਖੁਸਰੋ ਦੀ ਬਗਾਵਤ ਵਿਚ ਗੁਰੂ ਅਰਜਨ ਸਾਹਿਬ ਦਾ ਸ਼ਾਹਜ਼ਾਦੇ ਨੂੰ ਅਸ਼ੀਰਬਾਦ ਦੇਣਾ, ਬਣਾਇਆ ਗਿਆ ਸੀ। ਆਧੁਨਿਕ ਸਿੱਖ ਤਵਾਰੀਖਕਾਰ ਇਹ ਸਿੱਧ ਕਰਨ ਦਾ ਜਤਨ ਕਰਦੇ ਹਨ, ਕਿ ਵਾਸਤਵ ਵਿਚ ਗੁਰੂ ਅਰਜਨ ਸਾਹਿਬ ਨੇ ਸ਼ਾਹਜ਼ਾਦਾ ਖੁਸਰੋ ਦੀ ਬਗਾਵਤ ਵਿਚ ਕੋਈ ਸਹਾਇਤਾ ਨਹੀਂ ਸੀ ਕੀਤੀ। ਕੇਵਲ ਇਕ ਭੁੱਖੇ ਅਤਿਥੀ ਨੂੰ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦ ਛਕਾਇਆ ਸੀ, ਜਿਸ ਦਾ ਕਿ ਸ਼ਾਹਜ਼ਾਦੇ ਦੀ ਬਗਾਵਤ ਜਾ ਉਸ ਸਮੇਂ ਦੇ ਰਾਜਨੀਤਕ ਝਗੜਿਆ ਨਾਲ ਕੋਈ ਸੰਬੰਧ ਨਹੀਂ ਸੀ। ਮੁਗਲ ਸ਼ਾਹਿਨਸ਼ਾਹ ਨੇ, ਐਵੇਂ, ਦੀਨੀ ਪੱਖਪਾਤ ਅਤੇ ਮੁਸਲਮਾਨੀ ਤੁਅੱਸਬ ਦੇ ਕਾਰਨ, ਸ਼ਾਹਜ਼ਾਦਾ ਖੁਸਰੋ ਨੂੰ ਬਗਾਵਤ ਵਿਚ ਸਹਾਇਤਾ ਦੇਣ ਦੀ ਤੂਠੀ ਊਜ ਲਾ ਕੇ, ਗੁਰੂ ਨੂੰ ਸ਼ਹੀਦ ਕਰਵਾ ਦਿਤਾ। ਇਹ ਸਿਧਾਤ ਵੀ ਸਰਬਦਾ ਸਹੀ ਨਹੀਂ ਜਾਪਦਾ।

ਇਕ ਤੋਂ ਵੱਧ ਦਲੀਲਾ ਇਸ ਕਿੱਤੂ ਦੀ ਪੁਸ਼ਟੀ ਵਿਚ ਦਿਤੀਆ ਜਾ ਸਕਦੀਆ ਹਨ। ਸ਼ਾਹਿਨਸ਼ਾਹ ਜਹਾਂਗੀਰ ਆਪ-ਹੁਦਰਾ ਅਤੇ ਪ੍ਰਭੂ-ਸੱਤਾ ਵਾਲਾ ਰਾਜਾ ਸੀ। ਜੇ ਉਹ ਗੁਰੂ ਅਰਜਨ ਨੂੰ ਇਸ ''ਕਸੂਰ'' ਬਦਲੇ ਹੀ ਮਰਵਾ ਦੇਣਾ ਚਾਹੁੰਦਾ, ਕਿ ਉਸ ਨੇ ''ਪੀਰੀ ਮਰੀਦੀ ਦੀ ਝੂਠੀ ਦੁਕਾਨ'' ਚਲਾਈ ਹੋਈ ਹੈ, ਜਿਸ ਨਾਲ ਕਿ ਮੁਸਲਮਾਨ ਵੀ ''ਗੁਮਰਾਹ'' ਹੋ ਰਹੇ ਹਨ, ਤਾ ਉਸ ਦੇ ਰਾਹ ਵਿਚ ਕੋਈ ਰੋਕ ਨਹੀਂ ਸੀ। ਕਿਸੇ ਮੁਸਲਮਾਨ ਨੂੰ ''ਗੁਮਰਾਹ'' ਕਰ ਕੇ ''ਕੁਫਰ'' ਦੇ ਰਾਹ ਉਤੇ ਪਾਉਣਾ, ਮੁਸਲਮਾਨੀ ਸ਼ਰਹਾ ਤੇ ਕਾਨੂੰਨ ਅਨੁਸਾਰ ਆਪੂੰ ਇਕ ਅਜੇਹਾ ਜੁਰਮ ਹੈ, ਜਿਸ ਦੀ ਸਜ਼ਾ ਇਸਲਾਮੀ ਰਾਜ ਵਿਚ ਮੌਤ ਤੋਂ ਹੇਠਾ ਨਹੀਂ ਦਿਤੀ ਜਾ ਸਕਦੀ ਅਤੇ ਇਹ ''ਜੁਰਮ'' ਗੁਰੂ ਅਰਜਨ ਸਾਹਿਬ ਦਾ ਸਪਸ਼ਟ ਹੀ ਸੀ। ਸੋ ਕਿਉਂ ਜਹਾਂਗੀਰ ਨੇ ਗੁਰੂ ਅਰਜਨ ਨੂੰ ਖੁਸਰੋ ਨੂੰ ਸਹਾਇਤਾ ਦੇਣ ਵਾਲੀ 'ਤੂਠੀ ਊਜ' ਲਾਉਣ ਤੋਂ ਪਹਿਲਾ ਹੀ ਸ਼ਹੀਦ ਨਾ ਕਰਵਾ ਦਿਤਾ ? ਹਿੰਦੂਆ ਯਾ ਸਿੱਖਾ ਦੀ ਲੋਕ ਰਾਇ ਦਾ ਤਾ ਉਸ ਨੂੰ ਕੋਈ ਭੈ ਹੈ ਹੀ ਨਹੀਂ ਸੀ ਅਤੇ, ਇਸਲਾਮੀ ਲੋਕ ਰਾਇ ਨੇ ਅਜੇਹਾ ਸਾਕਾ ਸ਼ਰ੍ਹਾ ਦੇ ਕਾਨੂੰਨ ਹੇਠਾ ਵਰਤਾਉਣ ਉਤੇ, ਜਹਾਂਗੀਰ ਨੂੰ ਪ੍ਰਸੰਸਾ ਹੀ ਦੇਣੀ ਸੀ। ਸਾਨੂੰ ਇਹ ਵੀ ਮੰਨਣਾ ਪਵੇਗਾ ਕਿ 'ਤੋਜ਼ਕੀ' ਵਿਚ ਗੁਰੂ ਅਰਜਨ ਸਾਹਿਬ ਬਾਬਤ ਇਹ ਸਤਰਾ ਲਿਖਣ ਵੇਲੇ ਜਹਾਂਗੀਰ ਕੋਈ ਪ੍ਰਚਾਰ ਯਾ 'ਪ੍ਰਾਪੇ ਗੰਡਾ' ਨਹੀਂ ਸੀ ਕਰ ਰਿਹਾ, ਸਗੋਂ ਜੋ ਕੁਝ ਉਹ ਸਹੀ ਸਮਝਦਾ ਤੇ ਮੰਨਦਾ ਸੀ, ਇੰਨ-ਬਿੰਨ ਉਹੀ ਆਪਣੀ ਡਾਇਰੀ ਵਿਚ ਲਿਖ ਰਿਹਾ ਸੀ, ਜਿਹੜੀ ਡਾਇਰੀ ਯਾ 'ਤੋਜ਼ਕੀ' ਉਸ ਦੇ ਮਰਨ ਪਿੱਛੋਂ ਵੀ ਸ਼ਾਹੀ ਤੋਸ਼ੇਖਾਨੇ ਯਾ ਪੁਸਤਕਾਲੇ ਵਿਚ ਹੀ ਪਈ ਰਹਿਣੀ ਸੀ, ਲੋਕਾ ਸਾਹਮਣੇ ਇਸ ਦੇ ਆਉਣ ਦੀ ਕੋਈ ਸੰਭਾਵਨਾ ਨਹੀਂ ਸੀ ਅਤੇ ਨਾ ਹੀ ਇਸ ਦੀ ਕੋਈ ਲੋੜ ਸੀ। ਕਿਵੇਂ ਵੀ



www.AKJ.Org

ਵਿਚਾਰੋ, ਇਹ ਮੰਨਣਾ ਹੀ ਪਵੇਗਾ ਕਿ ਜਹਾਗੀਰ ਨੇ ਜੋ ਕੁਝ ਗੁਰੂ ਅਰਜਨ ਦੇਵ ਬਾਬਤ ਆਪਣੀ ਤੋਜ਼ਕੀ ਵਿਚ ਲਿਖਿਆ ਹੈ, ਉਹ ਉਹੋ ਕੁਝ ਹੈ, ਜਿਸ ਨੂੰ ਕਿ ਜਹਾਗੀਰ ਆਪੂੰ ਠੀਕ ਸਮਝਦਾ ਤੇ ਮੰਨਦਾ ਸੀ। ਹਾਂ, ਉਸ ਨੂੰ ਆਪ ਕੋਈ ਭੁਲੇਖਾ ਸਹੀ ਹਾਲਾਤ ਬਾਰੇ ਲੱਗ ਗਿਆ ਹੋਵੇ, ਯਾ ਲਗਾ ਦਿਤਾ ਗਿਆ ਹੋਵੇ, ਇਹ ਸੰਭਵ ਹੈ। ਇਹ ਮੰਨਣਾ ਅਯੋਗ ਜਾਪਦਾ ਹੈ ਕਿ ਜਹਾਗੀਰ ਨੇ ਜਾਣ ਬੁਝ ਕੇ ਝੂਠੀ ਊਜ ਗੁਰੂ ਬਾਬਤ ਘੜੀ ਯਾ ਘੜਵਾਈ ਤੇ ਇਉਂ ਗੁਰੂ ਨੂੰ, ਰਾਜਨੀਤਕ ਬਹਾਨਾ ਬਣਾ ਕੇ, ਸ਼ਹੀਦ ਕਰਵਾ ਦਿਤਾ-ਇਸ ਲਈ ਜੋ ਇਸਲਾਮ ਦੇ ਰਾਹ ਵਿਚੋਂ ਇਹ ਕੰਡਾ ਨਿਕਲ ਜਾਵੇ, ਇਸ ਲਈ ਨਹੀਂ ਕਿ ਜਹਾਗੀਰ ਆਤਮਕ ਨਿਰਮਲਤਾ ਦੀ ਕਿਸੇ ਅਜਿਹੀ ਉਚੀ ਪੱਧਰ ਉਤੇ ਸੀ ਕਿ ਉਹ ਰਾਜਨੀਤਕ ਝੂਠ ਬੋਲ ਯਾ ਬੁਲਵਾ ਨਹੀਂ ਸੀ ਸਕਦਾ, ਸਗੋਂ ਇਸ ਲਈ ਕਿ ਰਾਜਨੀਤਕ ਨੁਕਤੇ ਤੋਂ ਅਜੇਹੀ ਝੂਠੀ ਊਜ ਲਾਉਣ ਸਮੇਂ ਨੂੰ ਉਡੀਕਣ ਦੀ ਕੋਈ ਲੋੜ ਨਹੀਂ ਸੀ। ਜੇ ਜਹੇਗੀਰ ਨਿਰੋਲ ਸ਼ਰਹਾ ਨੂੰ ਵਰਤਣਾ ਤੇ ਆਪਣਾ ਰਾਜ ਸ਼ਾਸਨ ਵਿਚ ਪ੍ਰਧਾਨਤਾ ਦੇਣਾ ਚਾਹੁੰਦਾ ਤਾ ਗੁਰੂ ਅਰਜਨ ਦੇਵ ਨੂੰ ਪਹਿਲਾ ਹੀ ਸ਼ਰਹਾ ਦਾ ਕਾਨੂੰਨ ਵਰਤ ਕੇ ਸ਼ਹੀਦ ਕਰਵਾ ਦਿੰਦਾ ਅਤੇ ਕਿਉਂ ਉਸ ਸਮੇਂ ਦੇ ਰਾਜ ਪ੍ਰਭਾਵ ਤੇ ਲੋਕ ਨੀਤੀ ਦੇ ਖਿਆਲਾ ਅਨੁਸਾਰ ਏਥੇ ਓਥੇ ਦੋਹੀਂ ਥਾਈਂ ਅੱਲਾ ਅਤੇ ਉਸ ਦੇ ਭੇਜੇ ਹੋਏ ਰਸੂਲ ਦੀਆ ਖੁਸ਼ੀਆ ਦਾ ਅਧਿਕਾਰੀ ਬਣਦਾ, ਜਿਵੇਂ ਕਿ ਉਸ ਦੇ ਪੋਤਰੇ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਇਸਲਾਮੀ ਸ਼ਰਹਾ ਦੇ ਕਾਨੂੰਨ ਹੇਠਾ, ਬਿਨਾ ਝਿਜਕ ਅਤੇ ਬਿਨਾ ਬਿਲੰਬ, ਚਾਦਨੀ ਚੋਕ ਵਿਚ, ਡੂਢ ਪਹਿਰ ਦਿਨ ਚੜ੍ਹੇ ਪਬਲਿਕ ਦੇ ਸਾਹਮਣੇ, ਕਤਲ ਕਰਵਾ ਦਿਤਾ ਸੀ।

ਭਾਵੇਂ ਜਹਾਗੀਰ ਆਪਣੀ ਤੋਜ਼ਕੀ ਵਿਚ ਮੰਨਦਾ ਹੈ, ਕਿ ਉਹ ਗੁਰੂ-ਘਰ ਦੀ ਪਸਰ ਰਹੀ ਕੀਰਤੀ ਅਤੇ ਗੁਰੂ ਅਰਜਨ ਦੇਵ ਜੀ ਦੇ ਨਿਤਾਪ੍ਰਤ ਵਧਦੇ ਆਤਮਕ ਪਰਤਾਪ ਨੂੰ ਪਸੰਦ ਨਹੀਂ ਸੀ ਕਰਦਾ ਅਤੇ ਇਹ ਇੱਛਾ ਵੀ ਰਖਦਾ ਸੀ ਕਿ ਕੋਈ ਮੌਕਾ ਬਣੇ ਤਾ ਇਸ ਝੂਠ ਦੀ ਦੁਕਾਨ, ਗੁਰੂ ਗੱਦੀ ਦੇ ਧਾਰਮਿਕ ਪ੍ਰਚਾਰ ਨੂੰ ਬੰਦ ਕਰ ਦੇਵੇ, ਪਰ ਕਿਸੇ ਕਾਰਣ ਗੁਰੂ-ਘਰ ਨੂੰ ਕੇਵਲ ਸ਼ਰਹਾ ਦੇ ਕਾਨੂੰਨ ਅਨੁਸਾਰ ਹੱਥ ਨਹੀਂ ਸੀ ਪਾਉਣਾ ਚਾਹੁੰਦਾ, ਅਤੇ ਕੋਈ ਅਜੇਹਾ ਮੌਕਾ ਲੱਭਦਾ ਸੀ, ਜਦੋਂ ਕਿ ਗੁਰੂ ਅਰਜਨ ਉਤੇ ਕੋਈ ਰਾਜਨੀਤਕ ਦੂਸ਼ਣ ਸਾਬਤ ਹੋ ਸਕੇ। ਇਹ ਮੰਨਣਾ, ਕਠਨ ਹੋਵੇਗਾ, ਕਿ ਜਹਾਗੀਰ ਕੋਈ ਝੂਠੀ ਰਾਜਨੀਤਕ ਊਜ ਗੁਰੂ ਉਤੇ ਲਗਵਾਣਾ ਚਾਹੁੰਦਾ ਸੀ। ਜੇ ਇਉਂ ਹੁੰਦਾ ਤਾ ਝੂਠੀ ਰਾਜਨੀਤਕ ਊਜ ਕਿਸੇ ਵੇਲੇ ਵੀ ਲਗਵਾਈ ਜਾ ਸਕਦੀ ਸੀ। ਸ਼ਾਹਿਨਸ਼ਾਹ ਦੇ ਇਸ਼ਾਰਾ ਕਰਨ ਦੀ ਹੀ ਲੋੜ ਸੀ, ਪ੍ਰਿਥੀਆ ਜਾ ਗੋਇੰਦਵਾਲ ਦੇ ਲਾਗੇ-ਚਾਗੇ ਦੇ ਮੁੱਲਾ-ਕਾਜੀ ਝੂਠੀਆ ਸੱਚੀਆ ਗਵਾਹੀਆ ਦੇਣ ਵਾਲੇ ਬਥੇਰੇ ਲੱਭ ਪੈਣੇ ਸਨ, ਪਰ ਅਜੇਹੀ ਇੱਛਾ ਸਾਹਿਨਸ਼ਾਹ ਦੀ ਕਿਸੇ ਵੇਲੇ ਵੀ ਸੀ, ਇਹ ਉਕਾ ਨਿਰਮੂਲ ਜਾਪਦਾ ਹੈ।

ਇਹਨਾ ਵਿਚਾਰਾ ਤੋਂ ਸਿਧ ਇਹ ਹੁੰਦਾ ਹੈ, ਕਿ (੧) ਜਹਾਗੀਰ ਗੁਰੂ ਅਰਜਨ ਦੇਵ ਨੂੰ ਇਸਲਾਮੀ ਸ਼ਰਹਾ ਦੇ ਕਾਨੂੰਨ ਹੇਠਾ ਸ਼ਹੀਦ ਨਹੀਂ ਸੀ ਕਰਵਾਣਾ ਚਾਹੁੰਦਾ। ਇਹ ਇਸ ਲਈ ਨਹੀਂ ਕਿ ਗੁਰੂ ਅਰਜਨ ਦੇਵ ਇਸਲਾਮੀ ਸ਼ਰਹਾ ਦੇ ਕਾਨੂੰਨ ਹੇਠਾ ਮ੍ਰਿਤੂ ਦੰਡ ਦੇ ਭਾਗੀ ਨਹੀਂ ਸਨ, ਸਗੋਂ ਇਸ ਕਾਰਨ ਕਿ ਜਹਾਗੀਰ ਦੇ ਰਾਜ ਸ਼ਾਸਨ ਦੀ ਇਹ ਨੀਤੀ ਨਿਸਚਿਤ ਨਹੀਂ ਸੀ ਹੋਈ ਹੋਈ ਕਿ ਹਿੰਦੁਸਤਾਨ ਵਿਚ ਰਾਜ ਦੀਆ ਨੀਹਾ ਸੌ ਫੀਸਦੀ ਇਸਲਾਮੀ ਸ਼ਰਹਾ ਦੇ ਕਾਨੂੰਨ ਉਤੇ ਬੰਨ੍ਹਣੀਆ ਹਨ। (੨) ਜਹਾਗੀਰ ਨੂੰ ਆਪਣੇ ਮਨ ਵਿਚ ਨਿਸਚਾ ਸੀ ਕਿ ਗੁਰੂ ਅਰਜਨ ਦੇਵ ਦੇ ਉਪਦੇਸ਼ ਪ੍ਰਚਾਰ ਅਤੇ ਕੰਮ-ਕਾਰ ਅਜੇਹੇ ਰੂਪ ਦੇ ਹਨ ਕਿ ਕਿਸੇ ਨਾ ਕਿਸੇ ਵੇਲੇ ਉਹ ਸ਼ਰਹਾ ਦੇ ਕਾਨੂੰਨ ਤੋਂ ਬਗੈਰ, ਨਿਰੋਲ ਰਾਜਨੀਤਕ ਕਾਨੂੰਨ ਦੀ ਪਕੜ ਵਿਚ ਆ ਜਾਣਗੇ ਅਤੇ ਜਹਾਗੀਰ ਅਜੇਹੇ ਸਮੇਂ ਦੀ ਉਡੀਕ ਵਿਚ ਹੀ ਸੀ, ਜਦੋਂ ਕਿ ਸ਼ਾਹਜ਼ਾਦਾ ਖੁਸਰੋ ਦੀ ਬਗ਼ਾਵਤ ਵਾਲੀ ਘਟਨਾ ਵਾਪਰੀ।

ਉਪਰੋਕਤ ਵਿਚਾਰਾ ਤੋਂ ਇਲਾਵਾ, ਇਹਨਾ ਦੋਹਾ ਅਨੁਮਾਨਾ ਦੀ ਪੁਸ਼ਟੀ ਵਿਚ ਮੁਗਲ ਸਾਮਰਾਜ ਦੀ ਤਵਾਰੀਖ ਅਤੇ ਮੁਗਲਾ ਦੀ ਰਾਜਨੀਤਕ ਪਾਲਸੀ ਦੀ ਵਿਸ਼ਲੇਸ਼ਣ ਕਰ ਕੇ, ਬੜੀਆ ਠੋਸ ਤੇ ਨਿੱਗਰ ਦਲੀਲਾ ਦਿਤੀਆ ਜਾ ਸਕਦੀਆ ਹਨ, ਪਰ ਇਹ ਵਿਸ਼ਾ ਇਸ ਛੋਟੇ ਜਿਹ ਨਿਬੰਧ ਦਾ ਨਹੀਂ। ਭਾਰਤ ਵਿਚ ਮੁਗਲ ਸਾਮਰਾਜ ਦੀ ਤਵਾਰੀਖ ਦੇ ਸੂਝਵਾਨ ਵਿਦਿਆਰਥੀ ਇਹ ਭਲੀ ਪ੍ਰਕਾਰ ਜਾਣਦੇ ਹਨ ਕਿ ਬਾਬਰ ਤੋਂ ਪਹਿਲਾ



www.AKJ.Org

ਭਾਰਤ ਵਿਚ ਮੁਸਲਮਾਨੀ ਸ਼ਰਹਾ ਦੇ ਕਾਨੂੰਨ ਨੂੰ ਕੇਂਦਰ ਮੰਨ ਕੇ ਬੰਨ੍ਹਣ ਦੇ ਜਤਨ ਹੁੰਦੇ ਰਹੇ ਸਨ, ਪਰ ਮੁਗਲਾਂ ਦੇ ਸਾਮਰਾਜ ਦੇ ਸਥਾਪਤ ਹੋਣ ਨਾਲ ਇਸ ਰਾਜ ਸ਼ਾਸਨ ਦਾ ਅੰਤਰ-ਮੁਖੀ ਝੁਕਾਅ ਹਿੰਦੁਸਤਾਨ ਵਿਚ ਅਜੇਹਾ ਮਿਲਵਰਤਨੀ ਰਾਜ ਸਥਾਪਤ ਕਰਨ ਦਾ ਹੋ ਗਿਆ, ਜਿਸ ਵਿਚ ਕਿ ਹਿੰਦੂਆਂ ਨੂੰ ਤਲਵਾਰ ਯਾ ਇਸਲਾਮ ਕਬੂਲਣ ਤੋਂ ਬਗੈਰ ਵੀ ਨਾਗਰਿਕਤਾ ਦੇ ਅਧਿਕਾਰ ਪ੍ਰਾਪਤ ਹੋ ਸਕਣ। ਇਸ ਲੌਕਿਕ ਯਾ ''ਸੈਕੂਲਰ'' ਝੁਕਾਅ ਦੀ ਟੀਸੀ, ਜਹਾਂਗੀਰ ਦੇ ਪਿਤਾ ਅਕਬਰ ਦੇ ਰਾਜ ਸਮੇਂ ਵਿਚ ਉਸਰੀ ਤੇ ਫੇਰ ਇਹ ਝੁਕਾਅ ਢਿੱਲਾ ਪੈਂਦਾ ਪੈਂਦਾ ਔਰੰਗਜ਼ੇਬ ਦੇ ਸਮੇਂ ਤਕ ਬਿਲਕੁਲ ਅਲੋਪ ਹੋ ਗਿਆ। ਭਾਰਤ ਵਿਚ ਮੁਗਲ ਰਾਜ ਦੀ ਰਾਜ ਨੀਤੀ ਇਹਨਾਂ ਦੋ ਹੀ ਰੁਚੀਆਂ ਦੀ ਟੱਕਰ ਦੇ ਆਧਾਰ ਉਤੇ ਹੀ ਚਲਦੀ ਰਹੀ ਤੇ ਇਉਂ ਹੀ ਠੀਕ ਸਮਝੀ ਜਾ ਸਕਦੀ ਹੈ। ਮੁਗਲ ਸ਼ਹਿਨਸ਼ਾਹਾਂ ਦੇ ਰਾਜ ਦਰਬਾਰ ਇਹ ਇਹਨਾ ਦੋਂਹ ਰੁਚੀਆ ਦੇ ਪ੍ਰਤਿਨਿਧ ਸਨ, ਰਾਜਪੂਤ ਅਤੇ ਉਲਮਾ। ਰਾਜਪੂਤਾਂ ਦੀ ਨੀਤੀ ਅਤੇ ਮੁਗਲ ਸਾਮਰਾਜ ਨਾਲ ਮਿਲਵਰਤਨ ਦੀ ਸ਼ਰਤ, ਇਹ ਸੀ ਕਿ ਰਾਜ ਸ਼ਾਸਨ ਦੀ ਨੀਂਹ ਅਤੇ ਰਾਜ ਨੀਤੀ ਦਾ ਕੇਂਦਰ ਇਸਲਾਮੀ ਸ਼ਰਹਾ ਨਾ ਹੋਵੇ, ਸਗੋਂ ਇਕ ਸਾਂਝਾ ਜਿਹਾ ਮਿਲਵਰਤਨਕ, ਪੱਖਪਾਤ ਤੋਂ ਰਹਿਤ, ਮੁਸਲਮਾਨੀ ਨਾ, ਹਿੰਦੂ ਵੀ ਨਾ, ਸਗੋਂ 'ਹਿੰਦੁਸਤਾਨੀ ਜਿਹਾ, ਰਾਜ ਪ੍ਰਬੰਧ ਤੇ ਰਾਜ ਸ਼ਾਸਨ ਪ੍ਰਚਲਤ ਕੀਤਾ ਜਾਵੇ ਜਿਸ ਦੀ ਰਾਜ ਗੱਦੀ ਉਤੇ ਤੁਰਕਾਂ ਅਤੇ ਰਾਜਪੂਤਾਂ ਦੇ ਸਾਂਝੇ ਖੂਨ ਵਿਚੋਂ ਜਨਮਿਆ ਰਾਜ ਘਰਾਣਾ ਬੈਠਾ ਰਹੇ। ਇਸ ਦੇਸ਼ ਵਿਚ ਮੁਸਲਮਾਨ ਵੀ ਵਸਦੇ ਰਹਿਣ ਤੇ ਹਿੰਦੂ ਵੀ ਅਤੇ ਦੋਵੇਂ ਆਪਣੇ-ਆਪਣੇ ਧਰਮਾਂ ਉਤੇ ਬਿਨਾ ਰੋਕ-ਟੋਕ ਦੇ ਚੱਲਦੇ ਰਹਿਣ। ਇਉਂ ਇਸਲਾਮ ਤੇ ਹਿੰਦੂ ਸੰਸਕ੍ਰਿਤੀ ਦਾ ਆਪਸੀ ਮੇਲ-ਜੋਲ ਸਰਵ ਸਾਧਾਰਣ ਪੱਧਰ ਉੱਤੇ ਹੁੰਦਾ ਰਹੇ, ਪਰ ਹਿੰਦੂ ਸਮਾਜ ਦੀ ਰੂਪ-ਰੇਖਾ ਤੇ ਬਣਤਰ ਨਾ ਬਦਲੇ ਅਤੇ ਹਿੰਦੂ ਸੰਸਕ੍ਰਿਤੀ ਤੇ ਹਿੰਦੂ ਧਰਮ ਦਾ ਮੁਹਾਂਦਰਾ ਬੇਸ਼ਕ ਬਦਲ ਜਾਵੇ, ਪਰ ਇਸ ਦੀ ਆਤਮਾ ਨਾ ਮਰੇ। ਕੁਝ ਏਹੋ ਜਹੇ ਵਿਚਾਰ ਤੇ ਸਿਧਾਂਤ, ਨਿਰਸੰਦੇਹ ਰਾਜਾ ਮਾਨ ਸਿੰਘ ਜਿਹੇ ਲੋਕਾਂ ਦੇ ਸਨ। ਇਸ ਵਿਚਾਰਧਾਰਾ ਦੇ ਜਾਨੀ ਸ਼ਤਰੂ ਸਨ ਉਹ ਲੋਕ, ਜੋ 'ਉਲਮਾ' ਕਹਾਉਂਦੇ ਸਨ ਅਤੇ ਜੋ ਏਥੋ ਓਥੇ ਦੋਹਾਂ ਜਹਾਨਾਂ ਵਿਚ, ਤਿੰਨ ਕਾਲ ਕਲਿਆਣਕਾਰੀ, ਇਸਲਾਮ ਅਤੇ ਇਸਲਾਮੀ ਸ਼ਰਹਾ ਮੰਨਦੇ ਸਨ ਅਤੇ ਕਿਸੇ ਹੋਰ ਵਿਚਾਰਧਾਰਾ ਨੂੰ ਰਾਜ ਸ਼ਾਸਨ ਯਾ ਨੀਤੀ ਦੀ ਨੀਂਹ ਬਨਾਉਣ ਦਾ ਖਿਆਲ ਵੀ ਕਾਇਰਤਾ, ਕੁਰੀਤ, ਅਧਰਮ ਤੇ ਕੁਫ਼ਰ ਜਾਣਦੇ ਸਨ। ਇਹਨਾਂ ਦੋਂਹ ਵਿਚਾਰਧਾਰਾ ਦੀ ਟੱਕਰ, ਪੂਰੀਆਂ ਦੋ ਸ਼ਤਾਬਦੀਆ, ਬੜੇ ਤੀਬਰ ਰੂਪ ਵਿਚ, ਮੁਗਲਾਂ ਦੇ ਰਾਜ ਸਿੰਘਾਸਣ ਦੇ ਆਲੇ-ਦੁਆਲੇ ਹੁੰਦੀ ਰਹੀ ਹੈ ਤੇ ਖੁਸਰੋ ਅਤੇ ਦਾਰਾ ਸ਼ਿਕੋਹ ਆਦਿ ਸ਼ਾਹਜ਼ਾਦੇ ਇਸ ਟੱਕਰ ਵਿਚ ਹੀ, ਪਹਿਲੀ ਵਿਚਾਰਧਾਰਾ ਤੇ ਅਨੁਯਾਈ ਹੋਣ ਦੇ ਕਾਰਣ ਬਲੀਦਾਨ ਹੋਏ ਅਤੇ ਅੰਤ ਨੂੰ ਔਰੰਗਜ਼ੇਬ ਦੇ ਰੂਪ ਵਿਚ ਦੂਜੀ ਵਿਚਾਰਧਾਰਾ ਨੂੰ ਪ੍ਰਗਟ ਰੂਪ ਵਿਚ ਸਫਲਤਾ ਹੋਈ। ਜਿਉਂ-ਜਿਉਂ ਇਹ ਸਫਲਤਾ ਜਹਾਂਗੀਰ ਤੇ ਸ਼ਾਹਜਹਾਨ ਦੇ ਸਮੇਂ ਪ੍ਰਤੱਖ ਰੂਪ ਧਾਰਨ ਕਰਦੀ ਗਈ, ਤਿਉਂ-ਤਿਉਂ ਪਹਿਲੀ ਵਿਚਾਰਧਾਰਾ ਮੱਧਮ ਅਤੇ ਅਬੱਲ ਹੁੰਦੀ ਗਈ ਅਤੇ ਉਸ ਦੀ ਥਾਂ ਇਕ ਹੋਰ ਵਿਚਾਰਧਾਰਾ, ਤੀਜੀ ਵਿਚਾਰਧਾਰਾ, ਨੇ ਮੱਲਣੀ ਅਰੰਭ ਕਰ ਦਿੱਤੀ, ਜਿਸ ਨੂੰ ਕਿ ਹਿੰਦੂਤਵ ਵਿਚਾਰਧਾਰਾ ਕਿਹਾ ਜਾ ਸਕਦਾ ਹੈ ਅਤੇ ਜਿਸ ਦਾ ਕੇਂਦਰੀ ਸਿਧਾਂਤ ਇਹ ਹੈ ਕਿ ਭਾਰਤ ਵਰਸ਼ ਹਿੰਦੂਤਵ ਦੀ ਜਨਮ ਭੂਮੀ ਅਤੇ ਪੁੰਨਯ ਭੂਮੀ ਹੈ ਅਤੇ ਇਸ ਦੇਸ਼ ਵਿਚ ਰਾਜ ਸ਼ਾਸਨ ਅਤੇ ਰਾਜਨੀਤੀ ਦੀ ਨੀਂਹ ਹਿੰਦੂ ਸੰਸਕ੍ਰਿਤੀ ਅਤੇ ਹਿੰਦੂ ਧਰਮ ਦੇ ਅਧੀਨ ਅਤੇ ਉਨ੍ਹਾਂ ਉਤੇ ਨਿਰਭਰ ਹੋਣੀ ਚਾਹੀਦੀ ਹੈ। ਇਸ ਵਿਚਾਰਧਾਰਾ ਦੇ ਪ੍ਰਤਿਨਿਧ ਸਨ-ਰਾਣਾ ਪਰਤਾਪ, ਸ਼ਿਵਾ ਜੀ ਮਰਾਠਾ ਅਤੇ ਸਮਰਥ ਰਾਮਦਾਸ॥

ਸੂਝਵਾਨ ਪਾਠਕ ਸੁਖੈਨ ਹੀ ਸਮਝ ਲੈਣਗੇ ਕਿ ਇਹ ਤਿੰਨੋਂ ਵਿਚਾਰਧਾਰਾ ਅੱਜ ਵੀ ਸਾਡੇ ਦੇਸ਼ ਵਿਚ ਪ੍ਰਬਲ ਰੂਪ ਵਿਚ ਜੀਵਤ ਹਨ—ਪਾਕਿਸਤਾਨੀ ਮੁਸਲਮਲੀਗ ਕਾਂਗਰਸ ਅਤੇ ਹਿੰਦੂ ਸਭਾ। ਪ੍ਰਤੱਖ ਪ੍ਰਗਰਾਮ ਕੋਈ ਵੀ ਬਣਨ, ਨਾਹਰੇ ਕੁੱਝ ਵੀ ਲਾਏ ਜਾਣ, ਪੌਲੀਟੀਕਲ ਪਾਰਟੀਆਂ ਰਾਜਨੀਤਿਕ ਰੂਪ ਤੇ ਕਾਰਯ ਕਰਮ ਕੋਈ ਵੀ ਲਾਏ ਇਨ੍ਹਾਂ ਤਿੰਨਾਂ ਵਿਚਾਰਧਾਰਾਂ ਦੀ ਟੱਕਰ, ਦਸਵੀਂ ਸ਼ਤਾਬਦੀ ਮਸੀਹੀ ਤੋਂ ਲੈਕੇ ਅੱਜ ਤੱਕ ਸਾਡੇ ਦੇਸ਼ ਵਿਚ ਚੱਲ ਰਹੀ ਹੈ ਅਤੇ ਇਸ ਦਾ ਕੋਈ ਅੰਤਮ ਨਿਬੇੜਾ, ਦ੍ਰਿਸ਼ਟ ਅਤੇ ਨਿਕਟ ਭਵਿਸ਼



www.AKJ.Org

ਵਿਚ ਹੋਣ ਦੀ ਆਸ ਘੱਟ ਹੀ ਹੈ।

ਇਨ੍ਹਾਂ ਮਹਾਨ ਅਤੇ ਸ਼ਕਤੀਸ਼ਾਲੀ ਤਿੰਨ ਵਿਚਾਰਧਾਰਾ ਦਾ, ਜੋ ਕਿ ਭਾਰਤ ਦੀ ਤਵਾਰੀਖਅਤੇ ਹੋਣੀ ਉਤੇ ਪਿਛਲੇ ਇਕ ਹਜ਼ਾਰ ਸਾਲਾ ਤੋਂ ਹਾਵੀ ਹਨ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਕੀ ਸੰਬੰਧ ਹੈ?

ਇਸ ਸਿਧਾਂਤ ਦੇ ਸਵਿਸਤਾਰ ਨਿਰੂਪਣ ਅਤੇ ਉਕਤ-ਯੁਕਤੀ ਨਾਲ ਪੁਸ਼ਟੀ ਕਰਨ ਦੀ ਗੁੰਜਾਇਸ਼ ਇਥੇ ਨਹੀਂ ਅਤੇ ਨਾ ਹੀ ਅਜਿਹਾ ਉਕਤੀ-ਯੁਕਤੀ ਸੰਯੁਕਤ ਨਿਰੂਪਣ ਅਜਿਹੇ ਮੁਖਤਸਰ ਤੇ ਸੰਕੁਚਤ ਨੋਟ ਦਾ ਵਿਸ਼ਾ ਬਣਾਇਆ ਜਾ ਸਕਦਾ ਹੈ, ਪਰ ਸਿਧਾਂਤ ਇਹ ਹੈ, ਕਿ ਗੁਰੂ ਨਾਨਕ ਦੇਵ ਭਾਰਤ ਵਰਸ਼ ਦੀ ਪਿਛੇ ਪੰਜ ਸੌ ਸਾਲ ਦੀ ਬੀਤ ਚੁਕੀ ਤਵਾਰੀਖ ਦੇ ਪਿਛੋਕੜ ਵਿਚ ਅਤੇ ਆਉਣ ਵਾਲੀਆ ਸ਼ਤਾਬਦੀਆਂ ਅਤੇ ਸਹੰਸ੍ਰਬਦੀਆ ਨੂੰ ਸਾਹਮਣੇ ਰੱਖ ਕੇ, ਇਕ ਨਵੀਂ, ਸਰਵ-ਵਿਆਪੀ, ਸਰਵ-ਸੰਚਕ ਅਤੇ ਚੌਥੀ ਵਿਚਾਰਧਾਰਾ ਨੂੰ ਜਨਮ ਦੇਣਾ ਚਾਹੁੰਦੇ ਸਨ, ਜਿਹੜੀ ਇਨ੍ਹਾ ਤਿੰਨਾ ਵਿਚਾਰਧਾਰਾਂ ਦੇ ਘੋਲ ਨੂੰ ਇਕਲਵਾੜੇ ਛੱਡ ਕੇ ਇਸ ਟੱਕਰ ਤੋਂ ਉਚਾ ਉਠ ਕੇ ਇਕ ਅਜਿਹੇ ਸਮਾਜ, ਸੰਸਕ੍ਰਿਤੀ ਦੀ ਨੀਂਹ ਰੱਖੇ, ਜਿਸ ਉਤੇ ਨਿਰਭਰ ਰਾਜ ਸ਼ਾਸ਼ਨ ਵਿਚ ਇਹ ਘੋਲ ਅਤੇ ਟੱਕਰ ਆਪੂੰ ਆਪ ਬੇਲੋੜੇ ਹੋ ਜਾਣ ਅਤੇ ਜਿਹੜਾ ਸਮਾਜ ਤੇ ਸੰਸਕ੍ਰਿਤੀ, ਆਰਯ ਆਤਮਾ ਅਤੇ ਸਾਮੀ ਰੂਹ ਨੂੰ ਅਜਿਹੇ ਢੰਗ ਨਾਲ ਅਭੇਦ ਕਰੇ, ਜਿਸ ਵਿਚੋਂ ਕਿ ਇਕ ਨਵਾ ਵਿਸ਼ਵ-ਵਿਆਪੀ ਸਮਾਜ ਜਨਮ ਲਵੇ। ਸਿਧਾਂਤਕ ਨੀਹਾ ਅਜਿਹੇ ਸਮਾਜ ਦੀਆਂ ਉਨ੍ਹਾ ਨੇ "ਤ੍ਰੀ-ਉਪਦੇਸ਼, ਕਿਰਤ ਕਰੋ, ਵੰਡ ਛਕੋ, ਨਾਮ ਜਪੋ", ਉਤੇ ਰੱਖੀਆ ਸਨ ਅਤੇ ਜਨਮ ਭੂਮੀ ਇਸ ਸਮਾਜ ਦੀ ਸਰਵੂੰਨਤ ਮਨੁਸ਼ ਦੀ ਆਤਮਾ ਅਤੇ ਪੁਨਯ ਭੂਮੀ ਇਸ ਸਮਾਜ ਦੀ ਸਾਰੀ ਧਰਤੀ ਦੇ ਦੇਸ਼ ਮਿਥੇ ਸਨ। ਇਸੇ ਆਰਯ ਆਤਮਾ ਅਤੇ ਸਾਮੀ ਰੂਹ ਦੇ ਸੰਗਮ ਵਿਚ, ਸਰਵ-ਵਿਸ਼ਵ ਦੀ ਆਤਮਾ ਦੀ ਜੋਤ ਨੂੰ ਮਿਲਾਉਣ ਦਾ ਸੁਪਨਾ, ਗੁਰੂ ਨਾਨਕ ਦੇਵ ਜੀ ਨੇ ਲਿਆ ਸੀ, ਜਿਸ ਸੁਪਨੇ ਦੀ ਪੂਰਤੀ ਲਈ ਗੁਰੂ ਅਰਜਨ ਦੇਵ ਜੀ ਸਮੇਤ ਦੱਸ ਗੁਰੂ ਘਾਲਾ ਘਾਲਦੇ ਰਹੇ ਅਤੇ ਜਿਸ ਸੁਪਨੇ ਨੂੰ ਸਾਮ੍ਰੱਖ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ, ਨਵਾ ਪੰਥ, ਰਚਿਆ ਅਤੇ ਹਿਦਾਯਤ ਕੀਤੀ ਕਿ ਖਾਲਸਾ ਪੰਥ "ਹਿੰਦੂ ਤੁਰਕ ਦੀ ਕਾਣ ਮੇਟੇ" ਅਤੇ ਅੰਮ੍ਰਿਤਧਾਰੀ ਸਿੰਘ ਕਦੇ ਪ੍ਰਧੀਨਤਾ ਨੂੰ ਸਵੀਕਾਰ ਨਾ ਕਰੇ। ਗੁਰੂ ਕਾ ਸਿੰਘ ਬਾਗੀ ਹੋਵੇ ਜਾ ਖਾਲਸਾ ਰਾਜ ਦਾ ਰੱਖਸ਼ਕ ਅਤੇ ਅੰਮ੍ਰਿਤ ਛਕਣ ਦਾ ਰਹੱਸਯ ਰਾਜ ਸੱਤਾ ਨੂੰ ਉਸ ਵਿਸ਼ਵ-ਵਿਆਪੀ ਸਮਾਜ ਦੀ ਸਥਾਪਨਾ ਦਾ ਵਸੀਲਾ ਬਣਾਏ। ਇਤਿਹਾਸ ਦੇ ਸੂਝਵਾਨ ਪਾਠਕ ਸੁਖੈਨ ਹੀ ਸਮਝ ਲੈਣਗੇ ਕਿ ਭਾਰਤ ਵਰਸ਼ ਵਿਚ ਇਸ ਵਿਚਾਰਧਾਰਾ ਨੂੰ ਸਮਝਣ ਤੇ ਅਪਨਾਉਣ ਵਾਲੇ, ਕੋਈ ਸੌ ਕੁ ਵਰ੍ਹਾ ਹੋਇਆ, ਮਰ-ਮਿਟ ਗਏ ਸਨ ਅਤੇ ਹੁਣ ਇਸ ਵਿਚਾਰਧਾਰਾ ਵਿਚ ਉਲੀਕੇ ਹੋਏ ਢੰਗਾ ਨੂੰ ਸਮਝਣ ਤੇ ਅਪਨਾਉਣ ਵਾਲੇ ਤਾਂ ਪਿਛਲੇਰੀ ਸ਼ਤਾਬਦੀ ਵਿਚ ਹੋਰ ਦੇਸ਼ਾ ਵਿਚ ਉਠ ਕੇ ਜੱਥੇਬੰਦੀਆ ਬਣਾ ਕੇ ਸ਼ਕਤੀਸ਼ਾਲੀ ਬਣ ਗਏ ਹਨ ਪਰ ਗੁਰੂ ਨਾਨਕ ਦੇਵ ਜੀ ਦੇ ਇਸ ਵਿਸ਼ਵ-ਵਿਆਪੀ ਸੁਪਨੇ ਦੀ ਰੂਪ ਰੇਖਾ ਬਾਬਤ ਉਲੀਕੇ ਹੋਏ ਪੂਰਨਿਆਂ ਅਤੇ ਆਦਰਸ਼ਾਂ ਤੋਂ ਉਹ ਅਜੇ ਉੱਕਾ ਅਗਿਆਤ ਹਨ।

ਇਹ ਗੁਰੂ ਮੱਤ ਦੀ ਵਿਚਾਰਧਾਰਾ ਦੀ ਰੂਪ-ਰੇਖਾ ਬਾਰੇ ਜੋ ਕੁਛ ਉਪਰ ਕਿਹਾ ਗਿਆ ਹੈ, ਉਸ ਦੀ ਵਿੰਗੇ ਢੰਗ ਨਾਲ ਪੁਸ਼ਟੀ ਜਹਾਗੀਰ ਦੀ ਆਪਣੀ 'ਤੋਜ਼ਕੀ' ਵਿਚ ਦਿਤੀ ਹੋਈ ਉਸ ਟੂਕ ਤੋਂ ਹੁੰਦੀ ਹੈ,ਜਿਸ ਦਵਾਰਾ ਕਿ ਸ਼ਾਹਿਨਸ਼ਾਹ ਨੇ ਗੁਰੂ ਅਰਜਨ ਦੇਵ ਨੂੰ ਮੁਰਤ ਖ਼ਾਂ ਕਿਲ੍ਹਾਦਾਰ ਲਾਹੌਰ ਦੇ ਹਵਾਲੇ ਕੀਤਾ। ਜਹਾਗੀਰ ਲਿਖਦਾ ਹੈ ਕਿ ਸ਼ਾਹੀ ਹੁਕਮ ਗੁਰੂ ਅਰਜਨ ਦੇਵ ਜੀ ਬਾਰੇ ਇਹ ਸੀ ਕਿ ਗੁਰੂ ਅਰਜਨ ਦੇਵ ਨੂੰ "ਬਸਿਯਾਸਤ-ਵ-ਯਾਸਾ ਰਸਾਨੰਦ।"ਇਸਦਾ ਸ਼ੁੱਧ ਉਲਥਾ ਇਉਂ ਹੈ ਕਿ ਗੁਰੂ ਅਰਜਨ ਦੇਵ ਨੂੰ "ਸਿਆਸਤ ਅਤੇ ਯਾਸਾ ਦੇ (ਕਾਨੂੰਨ) ਅਨੁਸਾਰ (ਦੰਡ) ਦਿੱਤਾ ਜਾਵੇ।" ਗੁਰੂ ਅਰਜਨ ਦੇਵ ਨੂੰ "ਤਸੀਹੇ ਦੇਕੇ ਮਾਰ ਦਿੱਤਾ ਜਾਵੇ।"ਇਹ ਉਲਥਾ ਇਸ ਟੂਕ ਦਾ ਉੱਕਾ ਅਸ਼ੁੱਧ ਹੈ ਅਤੇ ਇਸ ਗਲਤ ਉਲਥੇ ਦੀ ਪੁਸ਼ਟੀ ਵਿਚ ਕੋਈ ਸ਼ਬਦਕੋਸ਼ ਉਕਤੀ ਜਾ ਸੱਨਦ ਨਹੀਂ ਹੈ। "ਸਿਆਸਤ" ਤਾ ਅਰਬੀ ਬੋਲੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ ਰਾਜਦੰਡ, ਰਾਜਨੀਤੀ। "ਯਾਸਾ" ਮੰਗੋਲੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ, ਹੁਕਮ, ਸ਼ਾਹੀ ਹੁਕਮ, ਕਾਨੂੰਨ। ਇਹ "ਯਾਸਾ" ਦੇ ਸ਼ਾਬਦਿਕ ਅਰਥ ਹਨ, ਪਰ ਇਸ ਦੇ ਸਰਬ ਪ੍ਰਮਾਣਿਕ ਅਰਥ ਹਨ,"ਉਹ ਕਾਨੂੰਨ ਜਿਸ



www.AKJ.Org

ਨੂੰ ਚੰਗੇਜ਼ ਖ਼ਾ ਨੇ ਬੱਧਾ।`` ਇਹੋ ਠੀਕ ਅਰਥ ``ਯਾਸਾ`` ਦਾ ਹੈ ਅਤੇ ਜਦੋਂ ਜਹਾਂਗੀਰ ਨੇ ਗੁਰੂ ਅਰਜਨ ਦੇਵ ਨੂੰ ਮੁਰਤਜ਼ਾ ਖ਼ਾ ਕਿਲ੍ਹੇਦਾਰ ਦੇ ਹਵਾਲੇ ਕੀਤਾ ਤਾਂ ਹੁਕਮ ਇਹੋ ਦਿੱਤਾ ਕਿ ਗੁਰੂ ਨਾਲ, ਉਨ੍ਹਾ ਨੂੰ ਉਨ੍ਹਾਂ ਦੇ ਸਿਆਸੀ ਪੋਲੀਟੀਕਲ 'ਜ਼ੁਰਮਾਂ' ਦੇ ਦੰਡ ਦੇਣ ਲਈ, 'ਯਾਸਾ' ਦੇ ਕਾਨੂੰਨ ਅਨੁਸਾਰ ਸਲੂਕ ਕੀਤਾ ਜਾਵੇ।

ਗੁਰੂ ਅਰਜਨ ਦੇਵ ਦੇ ਪੋਲੀਟੀਕਲ 'ਜ਼ੁਰਮ' ਕੀ ਸਨ? ਇਹ 'ਯਾਸਾ' ਦਾ ਕਾਨੂੰਨ ਕੀ ਹੈ? ਇਨ੍ਹਾਂ ਪ੍ਰਸ਼ਨਾ ਦਾ ਉਤਰ ਮਿਲਣ ਉਤੇ ਹੀ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਸਹੀ ਰੂਪ-ਰੇਖਾ ਤੇ ਉਸ ਦਾ ਠੀਕ ਪਿਛੋਕੜ ਸਮਝਿਆ ਜਾ ਸਕਦਾ ਹੈ।

ਗੁਰੂ ਦੇ ਪੋਲੀਟੀਕਲ 'ਜ਼ੁਰਮਾਂ' ਬਾਬਤ ਜਹਾਂਗੀਰ ਆਪ ਹੀ ਦੱਸਦਾ ਹੈ, ਕਿ ਸਹਿਜਾਦਾ ਖ਼ੁਸਰੋ ਗੋਇੰਦਵਾਲ, ਗੁਰੂ ਅਰਜਨ ਦੇਵ ਦੇ ਡੇਰੇ, ਕੁਛ ਸਮਾ ,ਠਹਿਰਿਆ ਤੇ ਗੁਰੂ ਅਰਜਨ ਦੇਵ ਨੇ ਖ਼ੁਸਰੋ ਦੇ ਮੱਥੇ ਉਤੇ ਨੇਕ ਸ਼ਗਨ ਵਜੋਂ, ਤਿਲਕ ਲਗਾਇਆ। ਖ਼ੁਸਰੋ ਇਸ ਵੇਲੇ ਸ਼ਾਹੀ ਫ਼ੌਜਾ ਦੇ ਅੱਗੇ ਅੱਗੇ ਨੱਸਿਆ ਜਾ ਰਿਹਾ ਸੀ ਅਤੇ ਦੋਸ਼ ਉਸ ਉਤੇ ਇਹ ਸੀ, ਕਿ ਉਹ ਜਹਾਂਗੀਰ ਨੂੰ ਤਖਤੋਂ ਲਾਹ ਕੇ ਆਪ ਹਿੰਦੁਸਤਾਨ ਦਾ ਸ਼ਹਿਨਸ਼ਾਹ ਬਨਣਾ ਚਾਹੁੰਦਾ ਹੈ। ਇਹ ਜਹਾਂਗੀਰ ਨੂੰ ਤਖਤੋਂ ਲਾਹ ਕੇ ਆਪ ਸ਼ਹਿਨਸ਼ਾਹ ਬਣ ਬੈਠਣ ਦਾ ਖਿਆਲ, ਉਸੇ ਦੋਹਾ ਵਿਚਾਰਾਂ ਦੀ ਟੱਕਰ ਦੀ ਇਕ ਕੜੀ ਹੈ, ਜਿਨ੍ਹਾਂ ਨੂੰ ਕਿ ਉਤੇ ਮਿਲਵਰਤਨਕ ਵਿਚਾਰਧਾਰਾ ਅਤੇ ਇਸਲਾਮੀ ਸ਼ਰਹਾ ਦੀ ਵਿਚਾਰਧਾਰਾ ਕਿਹਾ ਗਿਆ ਹੈ। ਇਸ ਟੱਕਰ ਵਿਚ ਸ਼ਹਜਾਦਾ ਖ਼ੁਸਰੋ ਦੇ ਹਮਾਇਤੀ ਉਹ ਲੋਕ ਹੀ ਹੋਣੇ ਹਨ, ਜਿਹੜੇ ਕਿ ਯਾ ਤਾ ਉਪਰੋਕਤ ਮਿਲਵਰਤਨਕ ਵਿਚਾਰਧਾਰਾ ਦੇ ਸੰਚਾਲਕ ਸਨ ਅਤੇ ਯਾ ਘੱਟੋ ਘੱਟ ਇਸਲਾਮੀ ਸ਼ਰਹਾ ਦੀ ਵਿਚਾਰਧਾਰਾਦੇ ਵਿਰੋਧੀ। ਅਜੇਹੇ ਸਮੇਂ, ਜਦੋਂ ਕਿ ਸ਼ਹਿਨਸ਼ਾਹ ਜਹਾਂਗੀਰ ਆਪ ਸ਼ਹਿਜਾਦੇ ਉਤੇ ਫੌਜ ਕਸੀ ਕਰ ਰਿਹਾ ਹੋਵੇ, ਕੌਣ ਹੋ ਸਕਦਾ ਹੈ, ਜੋ ਸ਼ਹਿਜਾਦੇ ਨੂੰ ਖੁਲਮ ਖੁਲ੍ਹਾ ਕੋਲ ਠਹਿਰਾ ਲਵੇ ਅਤੇ ਜਿਸ ਕੋਲ ਸ਼ਹਿਜਾਦਾ ਆਸ਼ੀਰਵਾਦ ਲੈਣ ਲਈ ਆਪ ਰੁਕ ਜਾਵੇ। ਨਿਰਸੰਦੇਹ ਅਜੇਹਾ ਪੁਰਸ਼ ਉਹੀ ਹੋ ਸਕਦਾ ਹੈ, ਜਿਸ ਨੂੰ ਉਸ ਵੇਲੇ ਸਭ ਜਾਣਦੇ ਹੋਣ ਕਿ ਇਹ ਸ਼ਾਹਿਨਸ਼ਾਹ ਜਹਾਂਗੀਰ ਦੇ ਰਾਜ ਸ਼ਾਸਨ ਬਾਰੇ ਖਿਆਲਾਂ ਦਾ ਵਿਰੋਧੀ ਹੈ ਅਤੇ ਉਸ ਵਿਰੋਧੀ ਨੂੰ ਖੁਲ੍ਹਮ-ਖੁਲਾ ਪ੍ਰਗਟ ਕਰਨ ਅਤੇ ਸ਼ਾਹਿਨਸ਼ਾਹੀ ਸੱਤਾ ਨਾਲ ਮੱਥਾ ਲਾਉਣ ਦਾ ਹੌਸਲਾ ਰੱਖਦਾ ਹੈ। ਕਿਸੇ ਐਰੇ ਗੈਰੇ ਕੋਲ ਭਾਵੇਂ ਉਂਜ ਉਸ ਦੇ ਖ਼ਿਆਲ ਕੁਝ ਵੀ ਹੋਣ, ਅਜੇਹੇ ਸਮੇਂ ਸ਼ਾਹਜ਼ਾਦਾ ਕਦੇ ਵੀ ਅਟਕਣ ਤੇ ਸੰਬੰਧ ਸਥਾਪਤ ਕਰਨ ਦਾ ਖ਼ਿਆਲ ਨਾ ਕਰਦਾ। ਇਸ ਘਟਨਾ ਤੋਂ ਕੋਈ ਸਿੱਖ ਇਤਿਹਾਸਕਾਰ ਵੀ ਇਨਕਾਰ ਨਹੀਂ ਕਰਦਾ, ਕਿ ਇਸ ਸਮੇਂ ਸ਼ਾਹਜ਼ਾਦਾ ਖ਼ੁਸਰੋ ਜਦੋਂ ਕਿ ਜਹਾਗੀਰ ਫੌਜ ਕਸ਼ੀ ਕਰਦਾ, ਉਸ ਦੇ ਮਗਰੇ-ਮਗਰ ਆ ਰਿਹਾ ਸੀ, ਗੋਇੰਦਵਾਲ ਗੁਰੂ ਅਰਜਨ ਦੇਵ ਕੋਲ ਕੁਛ ਸਮੇਂ ਲਈ ਅਟਕਿਆ। ਸਿੱਖ ਇਤਿਹਾਸਕਾਰ ਇਹ ਦਰਸਾਉਣ ਦਾ ਯਤਨ ਕਰਦੇ ਹਨ ਕਿ ਸ਼ਾਹਜ਼ਾਦਾ ਅਤੇ ਉਸ ਦੇ ਸਾਥੀ ਭੁੱਖੇ ਸਨ ਅਤੇ ਉਨ੍ਹਾ ਨੇ ਗੁਰੂ ਕੇ ਲੰਗਰ ਵਿਚੋਂ ਪ੍ਰਸਾਦ ਛਕਿਆ। ਉਂਜ ਖ਼ੁਸਰੋ ਦੀ ਬਗਾਵਤ ਨਾਲ, ਗੁਰੂ ਦਾ ਕੋਈ ਸਿੱਧਾ ਯਾ ਪੁੱਠਾ ਸੰਬੰਧ ਨਹੀਂ ਸੀ। ਗੌਹ ਕੀਤਿਆਂ ਇਹ ਗਲਾਂ ਕਿਵੇਂ ਵੀ ਮੰਨਣ ਯੋਗ ਨਹੀਂ। ਇਕ ਤਾਂ ਬਾਗੀ ਸ਼ਾਹਜ਼ਾਦੇ ਨੂੰ ਪ੍ਰਸ਼ਾਦ ਛਕਾਉਣਾ ਹੀ ਕਾਨੂੰਨ ਦੀਆ ਨਜ਼ਰਾਂ ਵਿਚ ਬਗਾਵਤ ਦੀ ਮਦਦ ਕਰਨੀ ਹੈ। ਦੂਜੇ, ਤਿਲਕ ਲਗਾਉਣ ਵਾਲੀ ਗੱਲ ਇਸ ਨਾਲ ਜੋੜ ਨਹੀਂ ਖਾਦੀ, ਜਿਤਨਾ ਚਿਰ ਇਹ ਨਾ ਮੰਨ ਲਈਏ, ਕਿ ਇਹ ਕਹਾਣੀ ਉੱਕਾ ਹੀ ਨਿਰਮੂਲ ਹੈ। ਪਰ ਇਹ ਤਿਲਕ ਲਗਾਉਣ ਵਾਲੀ ਕਹਾਣੀ ਨੂੰ, ਉੱਕਾ ਨਿਰਮੂਲ ਘੜ ਲੈਣ ਦਾ, ਜਹਾਗੀਰ ਜਾ ਗੁਰੂ ਅਰਜਨ ਦੇਵ ਦੇ ਹੋਰ ਦੋਖੀਆ ਨੂੰ ਕੀ, ਲਾਭ ਹੋ ਸਕਦਾ ਹੈ? ਬਾਗੀ ਸ਼ਾਹਜ਼ਾਦੇ ਅਤੇ ਉਸ ਦੇ ਸਾਥੀਆਂ ਨੂੰ ਉਸ ਸਮੇਂ ਰੋਟੀ ਖੁਆ ਦੇਣਾ ਹੀ, ਕਾਨੂੰਨ ਦੀਆਂ ਨਜ਼ਰਾ ਵਿਚ ਸ਼ਾਹੀ ਬਗਾਵਤ ਦੀ ਸਹਾਇਤਾ ਕਰਨ ਦੇ ਤੁੱਲ ਹੈ ਅਤੇ ਤਿਲਕ ਲਗਾਉਣ ਨਾਲ ਇਸ ਜੁਰਮ ਦੀ ਉੱਗਰਤਾ ਵਿਚ ਕੋਈ ਖਾਸ ਵਾਧਾ ਨਹੀਂ ਹੁੰਦਾ। ਠੀਕ ਏਹੋ ਜਾਪਦਾ ਹੈ, ਕਿ ਸ਼ਾਹਜ਼ਾਦਾ ਖ਼ੁਸਰੋ ਭਲੀ ਪ੍ਰਕਾਰ ਜਾਣਦਾ ਹੈ, ਕਿ ਗੁਰੂ ਅਰਜਨ ਦੇਵ ਜਹਾਗੀਰ ਦੀ ਇਸਲਾਮੀ ਸ਼ਰਹਾ ਦੀਆ ਰੁਚੀਆ ਨੂੰ ਰਾਜ ਸ਼ਾਸਨ ਦੀ ਨੀਂਹ ਬਨਾਉਣ ਦੇ ਸਿਧਾਤ ਦਾ ਕਟੱੜ ਵਿਰੋਧੀ ਹੈ ਅਤੇ ਗੁਰੂ ਅਰਜਨ ਦੇਵ ਅਜੇਹੀ ਮਹਾਨ ਤੇ ਨਿਰਭੈ ਸ਼ਖ਼ਸੀਅਤ ਦਾ ਮਾਲਕ ਹੈ, ਕਿ ਉਹ ਅਜੇਹੇ ਸਮੇਂ ਵੀ, ਜਦ ਕਿ ਸ਼ਾਹਿਨਸ਼ਾਹ



www.AKJ.Org

ਆਪ ਸ਼ਾਹਜ਼ਾਦੇ ਉਤੇ ਫੌਜ ਚਾੜ੍ਹੀ ਪਿੱਛੇ-ਪਿੱਛੇ ਲੱਗਦਾ ਆਉਂਦਾ ਹੈ. ਖ਼ੁਸਰੋ ਨੂੰ ਧੀਰਜ ਤੇ ਸਹਾਇਤਾ ਦੇਣੋ ਸੰਕੋਚ ਨਹੀਂ ਕਰੇਗਾ ਤੇ ਇਉਂ ਹੀ ਹੋਇਆ। ਬਾਕੀ ਰਾਹੀ ਤਿਲਕ ਲਗਾਉਣ ਵਾਲੀ ਗੱਲ. ਜਾਪਦਾ ਇਉਂ ਹੈ. ਜੁ ਸ਼ਾਹਜ਼ਾਦੇ ਨੇ ਮਰਯਾਦਾ ਅਨੁਸਾਰ ਕੁਛ ਭੇਟ ਗੁਰੂ ਮੂਹਰੇ ਰੱਖੀ ਹੋਵੇਗੀ ਅਤੇ ਜਿਵੇਂ ਅੱਜ-ਕਲ੍ਹ ਵੀ ਸਿਰੋਪਾ ਦੇਣ ਦਾ ਰਿਵਾਜ ਹੈ. ਅਰਦਾਸੀਏ ਨੇ ਸ਼ਾਹਜ਼ਾਦੇ ਦੀ ਭੇਟ ਦੀ ਅਰਦਾਸ ਕੀਤੀ ਹੋਵੇਗੀ ਅਤੇ ਸ਼ਾਹਜ਼ਾਦੇ ਨੂੰ ਤਿਲਕ ਲਗਾ ਦਿੱਤਾ ਗਿਆ ਹੋਵੇਗਾ। ਇਹੋ ਰਿਵਾਜ ਮਰਯਾਦਾ ਓਦੋਂ ਪ੍ਰਚੱਲਤ ਸੀ। ਇਹ ਗੱਲ ਸਦਾ ਧਿਆਨ ਵਿਚ ਰੱਖਣ ਵਾਲੀ ਹੈ ਕਿ ਗੁਰੂ ਅਰਜਨ ਦੇਵ ਜਹਾਂਗੀਰ ਦੇ ਹੁਕਮ ਨਾਲ ਪਕੜੇ ਗਏ ਤਾਂ ਗੁਰੂ ਅਰਜਨ ਦੇਵ ਨੇ ਕਦੇ ਅਤੇ ਕਿਸੇ ਵੇਲੇ ਵੀ ਸ਼ਾਹਜ਼ਾਦਾ ਖ਼ੁਸਰੋ ਨੂੰ ਕੋਲ ਠਹਿਰਾਉਣ. ਰੋਟੀ ਖੁਆਣ. ਯਾ ਅਸ਼ੀਰਬਾਦ ਦੇਣ ਤੋਂ ਇਨਕਾਰ ਨਹੀਂ ਕੀਤਾ। ਜੇ ਕੀਤਾ ਤਾਂ ਇਹ ਕਿ. ਜੁਰਮਾਨਾ ਭਰਨੋਂ ਨਾਂਹ ਕਰ ਦਿੱਤੀ ਅਤੇ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਹੁਕਮ ਕੀਤਾ ਕਿ ਫੌਜੀ ਤਾਕਤ ਇਕੱਠੀ ਕਰੋ। ਇਹ ਵਤੀਰਾ ਗੁਰੂ ਅਰਜਨ ਦੇਵ ਦਾ ਦਸਦਾ ਹੈ ਕਿ ਉਹ ਤਵਾਰੀਖ ਨੂੰ ਪ੍ਰੇਰਤ ਕਰ ਰਹੀਆਂ ਵਿਚਾਰਧਾਰਾ ਅਤੇ ਉਨ੍ਹਾਂ ਵਿਚੋਂ ਉਗਮੇ ਰਾਜ ਨੈਤਿਕ ਉੱਥਲ ਪੁੱਥਲ. ਤੋਂ ਇੱਕਲਵਾੜੇ ਕਿਸੇ ਹਾਲਤ ਵਿਚ ਵੀ ਨਹੀਂ ਸੀ ਰਹਿਣਾ ਚਾਹੁੰਦਾ। ਗੁਰੂ ਨਾਨਕ ਦੇਵ ਦੇ ਤ੍ਰੀ ਉਪਦੇਸ਼ ਦਾ ਇਹ ਅਵੱਸ਼ ਸਿੱਟਾ ਸੀ।

"ਯਾਸਾ" ਕੀ ਹੈ? ਚੰਗੇਜ਼ ਖਾਂ. ਜਿਸ ਦਾ ਕਿ ਅਸਲੀ ਨਾਮ ਤੈਮੂਚਨ ਸੀ. ਮੰਗੋਲਾਂ ਦੇ ਇਕ ਕਬੀਲੇ ਦਾ ਸਰਦਾਰ ਸੀ। ਹੌਲੀ-ਹੌਲੀ ਉਸ ਨੇ ਆਪਣੇ ਆਲੇ-ਦੁਆਲੇ ਦੇ ਸਭ ਟਪਰੀਵਾਸ ਕਬੀਲੇ ਪ੍ਰਾਜੈ ਕਰ ਲਏ ਅਤੇ ਸਾਰੇ ਮੰਗੋਲ ਅਤੇ ਤਾਤਾਰ ਕਬੀਲਿਆਂ ਦਾ ਉਹ ਸਿਰਦਾਰ ਯਾ "ਖਾਕਾਨ" ਬਣ ਗਿਆ ਹੈ। ਉਸ ਦਾ ਜਨਮ ਸੰਨ.੧੧੩੨ ਈਸਵੀ ਵਿਚ. ਹੋਇਆ ਸੰਨ. ੧੨੨੭ ਈਸਵੀ ਵਿਚ ਉਸ ਦੀ ਮ੍ਰਿਤੂ ਹੋਈ। ਮਰਨ ਤੋਂ ਪਹਿਲਾਂ ਸੰਸਾਰ ਦੇ ਇਸ ਮਹਾਨ ਵਿਜਈ ਨੇ ਇਤਨੀ ਵੱਡੀ ਸਲਤਨਤ ਸਥਾਪਤ ਕਰ ਲਈ ਜਿਸ ਦੀ ਕਿ ਇਕ ਹੱਦ ਚੀਨ ਸਾਗਰ ਸੀ. ਅਤੇ ਦੂਜੀ ਰੂਸ ਦੀ ਨੇਪੀਯਰ ਨਦੀ. ਇਕ ਪਾਸੇ ਸਿੰਧੂ ਨਦੀ ਅਤੇ ਦੂਜੇ ਪਾਸੇ ਮੱਧ ਯੂਰਪ ਦੇ ਪਹਾੜ। ਇਸ ਚੰਗੇਜ਼ ਖ਼ਾਂ ਨੇ। ਮੰਗੋਲ ਕਬੀਲਿਆਂ ਦੇ ਪ੍ਰਾਚੀਨ ਸਨਾਤਨੀ ਰਿਵਾਜਾਂ. ਅਤੇ ਖੀਨੀਆਂ ਦੇ ਪੁਰਾਤਨ ਸ਼ਾਹੀ ਕਾਨੂੰਨਾਂ ਨੂੰ ਮੇਲ ਕੇ. ਇਕ ਰਾਜ ਨਿਯਮਾਵਲੀ ਦੇ ਡੰਡਾਵਲੀ ਸੰਨ ੧੨੦੬ ਈ. ਵਿਚ ਤਿਆਰ ਕੀਤੀ ਅਤੇ ਸੰਨ ੧੨੧੮ ਈ. ਵਿਚ ਆਪਣੀ ਸਾਰੀ ਸਲਤਨਤ ਵਿਚ ਲਾਗੂ ਕਰ ਦਿਤੀ। ਇਸ ਨਿਯਮਾਵਲੀ ਦੀ ਪ੍ਰਵਾਨਗੀ ਮੰਗੋਲੀ ਕਬੀਲਿਆਂ ਦੀ ਸੰਨ ੧੨੦੬ ਈ. ਵਿਚ ਹੋਈ ਇੱਕਤ੍ਰਤਾ ਵਿਚ ਲੈ ਲਈ ਗਈ। "ਬਿਲੀਕ" ਨਾਮੀ ਸੰਘਤਾ ਚੰਗੇਜ਼ ਖ਼ਾਂ ਦੇ ਬਚਨਾਂ ਦਾ ਸੰਗ੍ਰਹਿ ਹੈ, ਅਤੇ "ਯਾਸਾ" ਨਾਮ ਹੈ ਉਸ ਦੇ ਨਿਰਮਤ ਕੀਤੇ ਹੋਏ ਕਾਨੂੰਨਾਂ ਦਾ। "ਬਿਲੀਕ" ਤੇ "ਯਾਸਾ" ਦੇ ਹੁਣ ਕੁਛ ਹਿੱਸੇ ਹੀ ਐਧਰੋਂ ਓਧਰੋਂ ਮਿਲਦੇ ਹਨ। "ਬਿਲੀਕ" ਵਿਚ ਚੰਗੇਜ਼ ਖ਼ਾਂ ਦਾ ਯਾਸਾ ਬਾਰੇ ਇਹ ਕਥਨ ਦਿਤਾ ਹੋਇਆ ਹੈ:-

"ਮੇਰੇ ਪਿੱਛੋਂ ਜਿਹੜੇ ਹਾਕਮ, ਖਾਨ, ਸਿਰਦਾਰ ਹੋਣਗੇ, ਜੋ ਉਹ ਯਾਸਾ ਵਿਚ ਦਿਤੇ ਨਿਯਮਾਂ ਦਾ ਰੰਚ ਮਾਤ੍ਰ ਵੀ ਉਲੰਘਣ ਕਰਨਗੇ ਤਾਂ ਰਾਜ ਦਾ ਕੰਮ ਵਿਗੜ ਜਾਏਗਾ ਤੇ ਲੋਕਾਂ ਵਿਚ ਗੜਬੜੀ ਹੋ ਜਾਵੇਗੀ। ਫੇਰ ਉਹ ਚੰਗੇਜ਼ ਖ਼ਾਂ ਨੂੰ ਢੂੰਡਣਗੇ. ਪਰ ਚੰਗੇਜ਼ ਖ਼ਾਂ ਨਹੀਂ ਲੱਭੇਗਾ।"

ਅਰਬੀ ਤਵਾਰੀਖਕਾਰ ਮਕਰੀਜ਼ੀ ਲਿਖਦਾ ਹੈ:-

"ਜਦੋਂ ਮੰਗੋਲਾਂ ਦੇ ਇਸਲਾਮ ਧਰਮ ਗ੍ਰਹਿਣ ਕਰ ਲਿਆ ਅਤੇ ਤਾਂ ਉਨ੍ਹਾਂ ਨੇ ਸ਼ਰਹਾ ਨੂੰ ਆਪਣੇ ਕਬੀਲਿਆਂ ਦੇ ਰਿਵਾਜਾਂ ਅਨੁਸਾਰ ਢਾਲ ਲਿਆ। ਨਿਰੋਲ ਮਜ਼ਹਬੀ ਕੰਮਾਂ ਲਈ ਤਾਂ ਉਹ ਕਾਦੀ ਉਲਕਾਦਾਤ ਨੂੰ ਪੁੱਛ ਲੈਂਦੇ ਹਨ. ਪਰ ਜਿਸ ਮਸਲੇ ਦਾ ਸੰਬੰਧ ਉਹਨਾਂ ਦੀ ਆਪਣੀ ਜ਼ਾਤ ਜਾਂ ਕਬੀਲੇ ਨਾਲ ਹੋਵੇ. ਉਥੇ ਉਹ ਚੰਗੇਜ਼ ਖ਼ਾਨੀ ਯਾਸਾ ਨੂੰ ਹੀ ਮੰਨਦੇ ਹਨ ਅਤੇ ਇਸ ਕੰਮ ਲਈ ਉਹ ਵੱਖਰਾ ਅਫ਼ਸਰ ਨਿਯਤ ਕਰਦੇ ਹਨ।

ਜਦੋਂ ਚੰਗੇਜ਼ ਖ਼ਾਂ ਨੇ ਮੁਸਲਮਾਨੀ ਪਾਤਸ਼ਾਹ ਖੁਵਾਰਜ਼ਮ ਸ਼ਾਹ ਤਥਾ ਮਹੁੰਮਦ ਸ਼ਾਹ ਨੂੰ, ਸੀਸਤਾਨ ਤੇ ਕਾਬੁਲ ਵਿਚੋਂ ਮਾਰ ਕੱਢਿਆ ਅਤੇ ਸਿੰਧੂ ਨਦੀ ਦੇ ਕੰਢਿਆਂ ਤਕ ਖੁਵਾਰਜ਼ਮ ਸ਼ਾਹ ਦਾ ਪਿੱਛਾ ਕਰਦਾ ਆਇਆ ਉਸ ਭਾਜੜ ਵਿਚ ਸਾਡੇ ਦੇਸ਼ ਪੁੱਜਾ ਹੋਇਆ ਫ਼ਾਰਸੀ ਦੇ ਇਕ ਕਵੀ ਅਮੀਰ ਖ਼ੁਸਰੋ ਦਾ ਪਿਤਾ ਦਿੱਲੀ ਆ


www.AKJ.Org

ਪੁੱਜਾ ਅਤੇ ਪਿੱਛੋਂ ਜਾ ਕੇ ਇਹ ਅਮੀਰ ਖ਼ੁਸਰੋ ਦਿੱਲੀ ਦੇ ਸੁਲਤਾਨ ਗਿਆਸੁਦੀਨ ਬਲਬਨ ਦੇ ਦਰਬਾਰ ਵਿਚ ਭਰਤੀ ਹੋਇਆ ਜਿਸ ਬਲਬਨ ਦਾ ਕਿ ਰਾਜ ਸਮਾ ਸੰਨ ੧੨੬੬ ਤੋਂ ਸੰਨ ੧੨੮੭ ਦੇ ਵਿਚਕਾਰ ਹੈ। ਉਹ ਅਮੀਰ ਖ਼ੁਸਰੋ ਲਿਖਦਾ ਹੈ :-

"ਮੰਗੋਲਾ ਦੀਆ ਅੱਖੀਆ ਇਤਨੀਆਂ ਛੋਟੀਆ ਤੇ ਤਿੱਖੀਆ ਹਨ ਕਿ ਤਾਬੇ ਦੀ ਦੇਗਚੀ ਵਿਚ ਮੋਰੀ ਕਰ ਸੁਟਣ। ਉਨ੍ਹਾਂ ਦੇ ਰੰਗ ਨੂੰ ਵੇਖ ਕੇ ਇਤਨੀ ਕਚਿਆਣ ਆਉਂਦੀ ਹੈ ਕਿ ਉਨ੍ਹਾ ਦੇ ਸਰੀਰ ਦੀ ਬਦਬੂ ਹੀ ਉਹਨਾਂ ਦੀ ਰੰਗਤ ਨਾਲੋਂ ਵਧੇਰੇ ਕਚਿਆਣ ਦਵਾ ਸਕਦੀ ਹੈ। ਉਨ੍ਹਾ ਦੇ ਸਿਰ ਉਨ੍ਹਾ ਦੇ ਜਿਸਮਾਂ ਵਿਚ ਗੱਡੇ ਹੋਏ ਹਨ ਅਤੇ ਉਨ੍ਹਾਂ ਦੀਆ ਗਰਦਨਾ ਹੈਨ ਹੀ ਨਹੀਂ। ਉਨ੍ਹਾ ਦੀਆ ਗੱਲ੍ਹਾ ਇਉਂ ਹਨ ਜਿਵੇਂ ਪੁਰਾਣੀਆ ਝੁਰੜੀਦਾਰ ਚਮਰਕਾਂ। ਉਹਨਾਂ ਦੇ ਨੱਕ ਚੌੜੇ ਤੇ ਫੀਨੇ ਹਨ ਅਤੇ ਉਨ੍ਹਾ ਦੀਆ ਨਾਸਾ ਜਿਵੇਂ ਤਰੱਕੀਆ ਹੋਈਆ ਕਬਰਾਂ..... ਉਨ੍ਹਾ ਦੇ ਸਰੀਰ ਜੂੰਆ ਨਾਲ ਭਰੇ ਹੋਏ ਅਤੇ ਉਹਨਾ ਦੀ ਚਮੜੀ ਧੌੜੀ ਵਾਗਰ ਹੈ ਜਿਸ ਦੀਆ ਕਿ ਚਰਮ ਜੁੱਤੀਆਂ ਬਣਾਈਆਂ ਜਾ ਸਕਣ..... ਜਿਸ ਵੇਲੇ ਸੁਲਤਾਨ (ਖ਼ੁਵਾਰਜ਼ਮ ਸ਼ਾਹ) ਨੇ ਇਹਨਾ ਮੰਗੋਲਾ ਨੂੰ ਤੱਕਿਆਂ ਤਾ ਫੁਰਮਾਇਆ ਕਿ ਇਹ ਨਿਰਸੰਦੇਹ ਜਹੱਨਮ ਦੀ ਆਤਸ਼ ਵਿਚੋਂ ਉਪਜੇ ਹਨ.... ਜਿਹੋ ਜਿਹੀ ਇਹਨਾ ਦੀ ਮਨਹੂਸ ਸ਼ਕਲ ਸੂਰਤ ਹੈ, ਏਹੋ ਜਹੇ ਹੀ ਇਹਨਾ ਦੇ ਕਾਨੂੰਨ ਹਨ, ਜੋ ਕਿ ਯਾਸਾ ਕਹਾਉਂਦੇ ਹਨ।

ਇਸਲਾਮ ਗ੍ਰਹਿਣ ਕਰਨ ਤੋਂ ਪਹਿਲਾ, ਮੰਗੋਲਾ ਦਾ ਧਰਮ, 'ਸਮਨ' ਧਰਮ ਸੀ, ਜਿਸ ਵਿਚ ਕਿ ਰੂਹਾ, ਬ੍ਰਿਛਾਂ ਤੇ ਅਸਮਾਨ ਦੀ ਪੂਜਾ ਹੁੰਦੀ ਸੀ। ਇਸ ਧਰਮ ਦੇ ਪ੍ਰੋਹਤ 'ਬਿੱਕੀ' ਕਹਾਉਂਦੇ ਹਨ ਅਤੇ ਵਿਸ਼ਵਾਸ ਮੰਗੋਲਾਂ ਦਾ ਇਹ ਸੀ, ਜੋ ਇਹ 'ਬਿੱਕੀ', ਮ੍ਰਿਤੂ ਪਿਛੋਂ, ਪ੍ਰੇਤ ਰੂਹਾ ਦੇ ਰੂਪ ਵਿਚ ਮੰਗੋਲ ਕਬੀਲਿਆ ਦਾ ਰੱਖਿਆ ਜਾਂ ਹਾਨੀ ਕਰਦੇ ਹਨ। ਜੇ ਕਿਸੇ 'ਬਿੱਕੀ' ਦਾ ਲਹੂ ਡੁਲ੍ਹ ਜਾਵੇ ਤਾ ਉਸ 'ਬਿੱਕੀ' ਦੀ ਪ੍ਰੇਤ ਰੂਹ ਮੰਗੋਲਾਂ ਲਈ ਬੜੀ ਹਾਨੀਕਾਰਕ ਮੰਨੀ ਜਾਦੀ ਸੀ। ਇਕ ਚੰਗੇਜ਼ ਖਾ ਅਤੇ ਇਕ ਚੰਗੇਜ਼ ਖਾ ਦੇ ਜਰਨੈਲ, ਮੁਖਾਲੀ ਦੇ ਜੀਵਨ ਵਿਚ ਉਨ੍ਹਾ ਨੂੰ 'ਬਿੱਕੀਆਂ' ਨੂੰ ਮੌਤ ਦੰਡ ਦੇਣਾ ਪਿਆ ਸੀ ਤਾ, ਇਕ ਨੇ 'ਬਿੱਕੀ' ਨੂੰ ਗਰਮ ਪਾਣੀ ਵਿਚ ਉਬਾਲ ਕੇ ਮਾਰ ਦਿਤਾ ਅਤੇ ਦੂਜੇ ਨੇ ਹੱਥ ਪੈਰ ਬੰਨ੍ਹ ਕੇ ਦਰਿਆ ਵਿਚ ਰੁੜ੍ਹਵਾ ਕੇ ਮਾਰ ਦਿਤਾ ਤਾ ਜੋ ਉਹਨਾ ਦੀ ਰੂਹ, ਮ੍ਰਿਤੂ ਪਿਛੋਂ, ਮੰਗੋਲ ਕਬੀਲਿਆ ਨੂੰ ਦੁੱਖ ਨਾ ਦੇਵੇ।

ਸੰਦੇਹ ਨਹੀ ਜੁ ਇਹੋ 'ਯਾਸਾ' ਦਾ ਕਾਨੂੰਨ ਸੀ,ਕਿ ਧਾਰਮਿਕ ਆਗੂਆ ਤੇ ਰੂਹਾਨੀ ਪ੍ਰਤਿਭਾ ਵਾਲੇ ਪੁਰਸ਼ਾ ਦਾ ਲਹੂ ਨਹੀਂ ਡੋਲ੍ਹਣਾ ਅਤੇ ਜੇ ਕਦੇ, ਕਿਸੇ ਬੜੇ ਗੰਭੀਰ ਤੇ ਰਾਜਨੀਤਕ ਕਾਰਨਾ ਦੇ ਸਬੱਬ, ਜਿਹੜੇ ਕਾਰਨ ਕਿ ਮੰਗੋਲਾਂ ਦੀ ਸਲਤਨਤ ਤੇ ਰਾਜ ਸੱਤਾ ਦੀ ਹੋਂਦ ਅਣਹੋਂਦ ਨਾਲ ਸਿੱਧੇ ਸੰਬੰਧਤ ਹੋਣ, ਕਿਸੇ ਅਜੇਹੇ ਪੁਰਸ਼, 'ਬਿੱਕੀ', ਨੂੰ ਮ੍ਰਿਤੂ ਦੰਡ ਦੇਣਾ ਹੀ ਪੈ ਜਾਵੇ, ਤਾ ਉਸ 'ਬਿੱਕੀ' ਸਥਾਨੀ ਵਿਅਕਤੀ ਦੀ ਮ੍ਰਿਤੂ ਅਜੇਹੇ ਢੰਗ ਨਾਲ ਕੀਤੀ ਜਾਵੇ, ਕਿ ਲਹੂ ਨਾ ਡੁਲ੍ਹੇ। ਇਹੋ ਲਹੂ ਦਾ ਡੁਲ੍ਹਣ ਬਾਬਤ ਵਿਸ਼ਵਾਸ ਯਹੂਦੀਆਂ ਤੇ ਈਸਾਈਆਂ ਦੇ ਧਰਮ ਦਾ ਵੀ ਬੁਨਿਆਦੀ ਅੰਗ ਹੈ ਅਤੇ ਮੂਸਾ ਦੇ ਦਸਾ ਹੁਕਮਾ ਵਿਚੋਂ ਇਹ ਵੀ ਇਕ ਹੁਕਮ ਹੈ, "ਤੂੰ ਲਹੂ ਨਾ ਡੋਲ੍ਹ।" ਫਾਸੀ ਦੇ ਇਕ ਮ੍ਰਿਤੂ ਦੰਡ ਦੇਣ ਯਾ ਜੀਉਂਦੇ ਸਾੜ ਦੇਣ ਦਾ ਰਿਵਾਜ, ਵਾਸਤਵ ਵਿਚ, ਮੂਸਾ ਦੇ ਇਸ ਹੁਕਮ ਦੀ ਪਾਲਣਾ, ਵਿਚ ਹੀ ਪ੍ਰਚਲਤ ਹੋਇਆ ਹੈ।

ਇਹਨਾਂ ਵਿਚਾਰਾ ਤੋਂ ਇਹ ਸਪਸ਼ਟ ਹੋ ਗਿਆ ਜੋ ਗੁਰੂ ਅਰਜਨ ਦੇਵ ਜੀ ਨੂੰ 'ਯਾਸਾ' ਦੇ ਕਾਨੂੰਨ ਅਨੁਸਾਰ ਸਜ਼ਾ, ਜੋ ਮੰਗੋਲ ਸ਼ਹਿਨਸ਼ਾਹ, ਜਹਾਗੀਰ ਨੇ ਦਿਤੀ ਤਾਂ ਉਸ ਦੇ ਦੋ ਕਾਰਨ ਹਨ। ਇਕ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦਾ 'ਜੁਰਮ' ਰਾਜਨੀਤਕ ਅਤੇ ਅਜੇਹਾ ਉੱਗਰ ਸੀ, ਕਿ ਗੁਰੂ ਅਰਜਨ ਦੇਵ ਜੀਵਤ ਰਹਿਣ ਨਾਲ ਮੁਗਲਾ ਦੇ ਰਾਜ ਦਾ ਭਾਰਤ ਵਿਚੋਂ ਨਸ਼ਟ ਹੋਣ ਦਾ ਤੌਖ਼ਲਾ ਪੱਕਾ ਸਮਝਿਆ ਗਿਆ ਅਤੇ ਦੂਜੇ, ਗੁਰੂ ਦਾ ਆਤਮਕ ਓਜ ਇਤਨਾ ਬਲਵਾਨ ਮੰਨਿਆ ਗਿਆ ਕਿ ਉਹਨਾ ਨੂੰ ਮ੍ਰਿਤੂ ਦੰਡ, ਉਬਲਦੀ ਤੇਗ ਵਿਚ ਪਾ ਕੇ ਅਤੇ ਦਰਿਆ ਵਿਚ ਰੋੜ੍ਹ ਕੇ ਦਿਤਾ ਗਿਆ।

ਇਹੋ ਭਾਵ ਤੇ ਇਹੋ ਅਰਥ ਹਨ, ਜਹਾਗੀਰ ਦੇ ਇਸ ਹੁਕਮ ਦੇ ,ਕਿ ਗੁਰੂ ਨੂੰ, 'ਬ ਸਿਯਾਸਤ-ਵ-ਯਾਸਾ ਰਸਾਨੰਦ।


www.AKJ.Org

# ਉੱਚਾ ਬੁਰਜ ਲਾਹੌਰ ਦਾ

*(ਪ੍ਰੋ: ਪਿਆਰਾ ਸਿੰਘ ਪਦਮ)*

ਇਹ ਲੋਕ ਗੀਤ ਦੀਆ ਸੁਰਾ ਜਦ ਵੀ ਗੂੰਜਾਇਮਾਨ ਹੁੰਦੀਆ ਹਨ ਤਾ ਲਾਹੌਰ ਦੇ ਸ਼ਾਹੀ ਕਿਲ੍ਹੇ ਦੇ ਉੱਚੇ ਬੁਰਜ ਤੇ ਰਾਵੀ ਦੀਆ ਛੱਲਾ ਵਾਂਙ ਉਭਰਦੇ ਜਜ਼ਬੇ ਪੁਰਾਣੀਆ ਯਾਦਾ ਨੂੰ ਤਾਜ਼ਾ ਕਰਦੇ ਪ੍ਰਤੀਤ ਹੁੰਦੇ ਹਨ। ਕੋਈ ਜ਼ਮਾਨਾ ਸੀ ਜਦੋਂ ਇਸ ਗੀਤ ਨੇ ਕਲਪਨਾ ਦੀ ਥਾ ਲੋਕ ਜੀਵਨ ਦੇ ਯਥਾਰਥ ਵਿਚੋਂ ਜਨਮ ਲਿਆ ਤਾ ਜਾਵੀ, ਕਿਲ੍ਹੇ ਦੇ ਨਾਲ ਖਹਿ ਕੇ ਵਗਦੀ ਸੀ ਤੇ ਦਰਿਆਂ ਕਿਨਾਰੇ ਸੰਗਤਾ ਦਾ ਝੁਰਮਟ ਇਕ ਅਨੋਖੀ ਜੇਹੀ ਰੌਣਕ ਦਾ ਨਜ਼ਾਰਾ ਬੰਨ੍ਹਦਾ ਸੀ ਤੇ ਸੰਗਤਾ ਵੀ ਉਹ ਜੋ ਬਾਰ-ਬਾਰ ਆਪਣੇ ਗੁਰੂ ਨੂੰ ਚੇਤੇ ਕਰਦੀਆਂ ਸਨ, ਜਿਹੜਾ ਜ਼ਿੰਦਗੀ ਦੀ ਆਨ=ਸ਼ਾਨ ਲਈ ਇਥੇ ਆਪਣੇ ਬਲੀਦਾਨ ਦੇ ਗਿਲਾ ਸੀ।

ਫਿਰ ਸੁਰ ਗੂੰਜਦੀ ਹੈ:-

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ (ਪੰਨਾ ੭੪੯)

ਸ਼ਾਇਦ ਤਖ਼ਤਾ ਤਾਜਾ ਵਾਲੇ ਸਦਾ ਤੋਂ ਇਸ ਭੈ ਦਾ ਸ਼ਿਕਾਰ ਰਹੇ ਹਨ ਕਿ ਕੋਈ ਉਨ੍ਹਾਂ ਦਾ ਹਾਣੀ ਹੋ ਕੇ ਉਨ੍ਹਾਂ ਨੂੰ ਕੋਈ ਹਾਨੀ ਨਾ ਪਹੁੰਚਾ ਦੇਵੇ, ਇਸ ਲਈ ਹਮੇਸ਼ਾ ਕਿਸੇ ਝੂਠੀ ਸਾਜ਼ਸ਼ ਦੀ ਵਿਉਂਤਬੰਦੀ ਵਿਚ ਲੱਗੇ ਰਹਿੰਦੇ ਹਨ। ਜਿਵੇਂ ਕਿ ਮੁਲਾਣਿਆ ਨੇ ਦੱਸਿਆ ਸੀ, ਜਹਾਗੀਰ ਦਾ ਖਿਆਲ ਸੀ ਕਿ ਇਸ ਗੋਇੰਦਵਾਲ ਵਾਲੇ ਗੁਰੂ ਨੂੰ ਦਰਿਆ ਹਵਾਲੇ ਕਰਨ ਨਾਲ ਸਾਰੀ ਕ੍ਰਾਂਤੀਕਾਰੀ ਲਹਿਰ ਨੂੰ ਪਾਣੀਆ ਵਿਚ ਡੋਬਿਆ ਜਾ ਸਕਦਾ ਹੈ, ਲੇਕਿਨ ਇਹ ਖਿਆਲ ਗ਼ਲਤ ਸੀ। ਐਸਾ ਬਿਲਕੁਲ ਨਾ ਹੋਇਆ ਤੇ ਸਗੋਂ ਨਤੀਜਾ ਉਲਟਾ ਹੋਇਆ। ਗੁਰੂ ਅਰਜਨ ਸਾਹਿਬ ਦੇ ਲਹੂ ਨੇ ਮੱਧ ਪੰਜਾਬ ਵਿਚ ਵਗਦੀ ਰਾਵੀ ਦੇ ਪਾਣੀ ਦੇ ਰੰਗ ਅਤੇ ਤਾਸੀਰ ਨੂੰ ਬਦਲ ਕੇ ਰੱਖ ਦਿੱਤਾ। ਪੰਜਾਬ ਦੇ ਨਿਮਾਣੇ ਨਿਤਾਣੇ ਗਰੀਬ ਕਿਰਤੀ ਕਿਸਾਨ ਸ਼ਹਿਨਸ਼ਾਹੀਅਤ ਨਾਲ ਟੱਕਰ ਲੈਣ ਲਈ ਤਿਆਰ-ਬਰ-ਤਿਆਰ ਹੋ ਗਏ। ਇਨ੍ਹਾਂ ਨੂੰ ਸਤਿਗੁਰੂਾਂ ਦੀ ਸ਼ਹਾਦਤ ਦਾ ਬੁਰਜ ਸ਼ਾਹੀ ਕਿਲ੍ਹੇ ਦੇ ਬੁਰਜਾਂ ਨਾਲੋ ਕਿਤੇ ਵਧੇਰੇ ਉਚੇਰਾ ਲਗਦਾ ਸੀ ਕਿਉਂਕਿ ਉਨਾਂ ਨੂੰ ਪਤਾ ਸੀ ਕਿ ਕਿਵੇਂ ਸ਼ਾਤੀ-ਪੁੰਜ ਸਤਿਗੁਰੂ ਉਮਰ ਭਰ ਲੋਕ ਭਲਾਈ ਲਈ ਘਾਲ ਘਾਲਦੇ ਰਹੇ ਸਨ। ਉਨਾ ਨੇ ਬਾਣੀ ਦਾ ਸਾਂਝਾ ਧਰਮ ਗ੍ਰੰਥ ਬਣਾ ਕੇ ਸੁਰਵਣ ਤੇ ਅਰਵਣ ਸੰਤਾ-ਭਗਤਾ ਨੂੰ ਬਰਾਬਰ ਦਾ ਸਨਮਾਨ ਦਿੱਤਾ ਸੀ; ਉਨਾ ਨੇ ਸਾਂਝਾ ਹਰਿਮੰਦਰ ਸਿਰਜ ਕੇ, ਇਕ ਤਰ੍ਹਾਂ ਮੰਦਰ-ਮਸੀਤਾ ਦੇ ਵਿਤਕਰੇ ਦੂਰ ਕਰ ਦਿੱਤੇ ਸਨ। ਉਨਾ ਦੇ ਬਣਾਏ ਬਾਗ ਬਗੀਚੇ, ਤਾਲ, ਬਾਉਲੀਆਂ, ਹਸਪਤਾਲ ਅਤੇ ਲੰਗਰ ਸਰਬੱਤ ਦੇ ਭਲੇ ਦੇ ਸੂਚਕ ਸਨ।

ਉਹ ਸਦਾ ਲੋਕ ਭਲਾਈ ਦੀ ਵਿਉਂਤਬੰਦੀ ਵਿਚ ਲੱਗੇ ਰਹਿੰਦੇ ਸਨ, ਕਈ ਨਵੇਂ ਨਗਰ ਆਬਾਦ ਕਰ ਕੇ ਉਨਾਂ ਗਰੀਬ ਤੇ ਬੇ-ਘਰ ਲੋਕਾ ਨੂੰ ਥਾ ਟਿਕਾਣੇ ਵਾਲੇ ਬਣਾਇਆ ਸੀ। ਜੇ ਲੋੜ ਪਈ ਤਾਂ ਉਨਾਂ ਅਕਬਰ ਬਾਦਸ਼ਾਹ ਨੂੰ ਵੀ ਇਹ ਕਹਿਣੋ ਸੰਕੋਚ ਨਹੀਂ ਕੀਤਾ ਕਿ ਪੰਜਾਬ ਵਿਚ ਸ਼ਾਹੀ ਲਕਸ਼ਰ ਦੇ ਲੰਮੇ ਕਿਆਮ ਕਾਰਨ ਬਹੁਤੀ ਚੰਗੀ ਫਸਲ ਨਹੀਂ ਹੋ ਸਕੀ, ਇਸ ਕਰਕੇ ਮਾਮਲੇ ਵਿਚ ਛੋਟ ਹੋਣੀ ਜ਼ਰੂਰੀ ਹੈ। ਬਾਦਸ਼ਾਹ ਨੇ ਉਸ ਵੇਲੇ ਲੋਕ-ਨੇਤਾ ਦੀ ਤਜਵੀਜ਼ ਤੇ ਫੁੱਲ ਚੜ੍ਹਾਏ ਤੇ ਕਿਸਾਨਾਂ ਨੂੰ ਮਾਮਲੇ ਦੀ ਮੁਆਫੀ ਦਿੱਤੀ। ਇਹ ਗੱਲ ਮੁਨਸ਼ੀ ਸੁਜਾਨ ਰਾਇ ਭੰਡਾਰੀ ਨੇ ਖੁਲਾਸਾ ਤੁਲ ਤਵਾਰੀਖ ਵਿਚ ਸਾਫ ਲਿਖੀ ਹੈ। ਇਹ ਸਧਾਰਨ ਗੱਲਾ ਨਹੀਂ ਬਲਕਿ ਇਕ ਮੰਨੇ-ਦੰਨੇ ਮਹਾਨ ਪੁਰਸ਼ ਦੀ ਉਚ ਸ਼ਖ਼ਸ਼ੀਅਤ ਦੀਆ ਜੀਉਂਦੀਆ-ਜਾਗਦੀਆ ਗਵਾਹੀਆਂ ਹਨ। ਪਰ ਬਾਦਸ਼ਾਹ ਅਕਬਰ ਦੇ ਅੱਖਾ ਮੀਟਣ (੧੬੦੫) ਦੀ ਦੇਰ ਸੀ ਕਿ ਕੱਟੜਪੰਥੀ ਇਕ ਦਮ ਅੱਖਾ ਕੱਢ ਕੇ ਦਿਖਾਉਣ ਲੱਗ ਪਏ ਤੇ ਸ਼ਰਾਬੀ ਤੇ ਅਯਾਸ਼ ਜਹਾਂਗੀਰ ਨੂੰ ਵਰਗਲਾਉਣ ਵਿਚ ਕਾਮਯਾਬ ਹੋ ਗਏ। ਲੇਕਿਨ ਸਤਿਗੁਰੂ ਆਪਣੀ ਥਾਂ ਅਚਲ ਤੇ ਅਡੋਲ ਸਨ, ਉਨ੍ਹਾਂ ਅੰਦਰ ਹੋਰ ਦ੍ਰਿੜਤਾ ਤੇ ਪਰਿਪੱਕਤਾ ਪੈਦਾ ਕਰ ਰਹੇ ਸਨ। ਉਹ ਵਜਦ ਵਿਚ ਗਾਉਂਦੇ ਤੇ ਬਾਰ ਬਾਰ ਗਾਂਉਂਦੇ ਕਿ ਸਾਨੂੰ ਕੋਈ ਕਿਵੇਂ ਪ੍ਰੇਸ਼ਾਨ ਕਰ ਸਕਦਾ ਹੈ।



www.AKJ.Org

ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ ॥
ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ ॥ (ਪੰਨਾ ੫੨੦)

ਇਸ ਰੱਬੀ ਸਿਦਕ ਦੇ ਬਲ ਬੋਤੇ ਉਨ੍ਹਾਂ ਕਈ ਕਿਸਮ ਦੇ ਤੰਸੀਹੇ ਸਹਾਰ ਕੇ ਆਪਣਾ ਬਲੀਦਾਨ ਦਿੱਤਾ ਤੇ ਇਸ ਬਲੀਦਾਨ ਨੇ ਪੰਜਾਬ ਨੂੰ ਨਵਾਂ ਈਮਾਨ ਤੇ ਨਵਾਂ ਗਿਆਨ ਪ੍ਰਦਾਨ ਕੀਤਾ ਕਿ ਜੀਉਣਾ ਕਿਵੇਂ ਹੈ ਤੇ ਮਰਨਾ ਕਿਵੇਂ ਹੈ? ਇਹੋ ਕਾਰਣ ਹੈ ਕਿ ਉਨਾਂ ਦੇ ਬਲੀਦਾਨ ਦਾ ਬੁਰਜ ਅੱਜ ਦੂਰੋਂ ਨਜ਼ਰੀ ਆ ਰਿਹਾ ਹੈ। ਕੇਵਲ ਰਾਵੀ ਦੇ ਕੰਢੇ ਤੇ ਸੰਗਤਾ ਦਾ ਝੁਰਮਟ ਨਹੀਂ ਬਲਕਿ ਥਾਂ- ਥਾਂ 'ਸੁਖਮਨੀ ਵਾਲੇ' ਦੀ ਯਾਦ ਮਨਾਈ ਜਾ ਰਹੀ ਹੈ ਲੋਕੀ ਸਤਿਗੁਰਾਂ ਦੇ ਉਚੇ ਕਾਰਨਾਮੇ ਚੇਤੇ ਕਰਦੇ ਅਤੇ ਉਨ੍ਹਾਂ ਦਾ ਸੁੱਚਾ ਨਾਮ ਜੁਬਾਨ 'ਤੇ ਲਿਆਉਂਦੇ ਹਨ:

ਜਪ੍ਯਉ ਜਿਨ ਅਰਜਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ ॥'

ਜਨ ਸਧਾਰਣ ਦੀ ਇਹ ਸ਼ਰਧਾਜਲੀ ਦਾ ਗੀਤ, ਅੱਜ ਵੀ ਹਕੀਕਤ ਦਾ ਪ੍ਰਗਟਾਵਾ ਕਰ ਰਿਹਾ ਹੈ:

ਉਚਾ ਬੁਰਜ ਲਾਹੌਰ ਦਾ, ਹੇਠ ਵਗੇ ਦਰਿਆ ।
ਉਥੇ ਮਲ ਮਲ ਨ੍ਹਾਵਣ ਸੰਗਤਾ, ਜਪਣ ਗੁਰਾਂ ਦਾ ਨਾ ।

ਦਰਿਆ ਵਿਸ਼ਾਸ਼ਲਤਾ, ਗੰਭੀਰਤਾ, ਪਵਿਤ੍ਰਤਾ ਤੇ ਅੱਗ੍ਰਗਾਮਿਤਾ ਦਾ ਪ੍ਰਤੀਕ ਹੈ ਅਤੇ ਗੁਰੂ ਸ਼ਖਸੀਅਤ ਵੀ ਅਜੇਹੇ ਦੇਵੀ ਗੁਣਾ ਨਾਲ ਭਰਪੂਰ ਹੋ ਕੇ ਵਿਚਰਦੀ ਹੈ। ਫਿਰ ਜਦੋਂ ਉਹ ਮੌਤ ਉਤੇ ਵਿਜਯ ਪਾ ਕੇ ਜ਼ਿੰਦਗੀ ਦਾ ਸ੍ਰੋਤ ਹੋ ਕੇ ਜੁਝਾਰ ਸੰਸਕ੍ਰਿਤੀ ਨੂੰ ਹੱਲਾਸ਼ੇਰੀ ਦਿੰਦੀ ਰਹਿੰਦੀ ਹੈ।

---

(ਪੰਨਾ ੧੦ ਦਾ ਬਾਕੀ ....)

"ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕ ਨਾਮ ਜਗਦੀਸ਼ ॥

ਜਪੁਜੀ ਸਾਹਿਬ ਦੇ ਮਹਾ ਵਾਕ ਉਤੇ ਵਿਚਾਰ ਕੀਤਾ ਕਿ ਕਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸਿਮਰਨ ਕਰਨ ਲਈ ਰੱਬ ਕੋਲੋਂ ਇਹ ਮੰਗ ਮੰਗੀ ਕਿ ਹੇ ਰੱਬਾ ਮੇਰੀ ਇਕ ਜੀਭ ਦੀਆਂ ਦੋ ਜੀਭਾਂ ਹੋ ਜਾਣ ਤੇ ਫਿਰ ਲਖ ਲਖ ਹੋ ਜਾਣ, ਉਨ੍ਹਾ ਦੋ ਲਖਾ ਦੀ ਇਕ ਇਕ ਜੀਭ ਦੀਆਂ ਵੀਹ-ਵੀਹ ਲਖ ਹੋ ਜਾਣ ਤੇ ਫਿਰ ਉਹ ਸਾਰੀਆ ਰੱਲ ਕੇ ਰੱਬ ਦੇ ਨਾਮ ਨੂੰ ਲੱਖਾ-ਲੱਖਾ ਵਾਰੀ ਜਪਣ।

ਅੱਜ ਉਹ ਪੱਤੇ-ਪੱਤੇ ਦੀ ਜ਼ੁਬਾਨ ਉਤੇ ਆਪਣਾ ਦਿਲ ਰੱਖ ਕੇ ਨਾਮ ਜਪਣ ਦੀ ਰੀਝ ਪੂਰੀ ਕਰਨਾ ਚਾਹੁੰਦਾ ਸੀ। ਬੇਸ਼ੁਮਾਰ ਪੱਤਿਆ ਦੀ ਸੰਗਤ ਕਿਵੇਂ ਕਰੇ....? ਕਿਵੇਂ ਆਪਣੇ ਦਿਲ ਦੇ ਅਨੇਕਾ ਡਕਰੇ ਕਰ ਕਰ ਕੇ ਹਰ ਪੱਤੇ ਉਤੇ ਰੱਖ ਦੇਵੇ ?

ਉਸਦੀ ਪਪੀਹੇ ਵਾਲੀ ਪਿਆਸ ਨੂੰ ਭਾਗ ਲੱਗੇ। ਉਸ ਨੇ ਆਪਣੀਆਂ ਖੁੱਲੀਆਂ ਅੱਖਾਂ ਨਾਲ ਦੇਖਿਆ ਕਿ ਬੜ੍ਹੇ ਹੀ ਸੋਹਜ-ਸੁਖਾਵੇਂ ਢੰਗ ਨਾਲ ਆਲੇ-ਦੁਆਲੇ ਦੀ ਸਾਰੀ ਸੁੰਦਰਤਾ ਇੱਕਠੀ ਹੋ ਕੇ ਛੋਟੇ ਜਿਹੇ ਹਰੇ ਬੱਦਲ ਦਾ ਰੂਪ ਧਾਰ ਗਈ ਤੇ ਭਾਫ਼ ਵਾਂਗੂੰ ਲਹਿਰਦਾ ਹੋਇਆ ਇਹ ਨੂਰਾਨੀ ਅੰਬਰ ਉਪਰ ਉਡਿਆ। ਉਸ ਰੱਬੀ-ਹਰਿਆਵਲ ਦੇ ਅੰਬਰ ਵਿਚੋਂ ਉਸ ਬੱਸ ਦੇ ਯਾਤਰੀ ਨੂੰ ਸਾਰੇ ਪੱਤਿਆਂ ਦੀ ਸਾਂਝੀ ਆਵਾਜ਼ ਵਿਚ "ਵਾਹਿਗੁਰੂ..." ਸੁਣਿਆ। ਅਨੰਤ ਕਾਲ ਤੋਂ ਚੱਲੀ ਆ ਰਹੀ ਅਨਹਦ ਧੁਨੀ ਦੇ ਸੁਰਾਂ ਦੀ ਖ਼ੁਮਾਰੀ ਵਿਚ ਲੀਨ ਹੋਏ ਪੱਤਿਆ ਨੇ ਇਕ ਝਲਕਾਰਾ ਦਿਖਾ ਕੇ ਉਸ ਦੇ ਦਿਲ ਉਤੇ ਨਾਮ-ਰਸ ਦੀ ਕਣੀ ਚੁਆਈ ਅਤੇ ਉਸ ਨੂੰ ਧੁਰ-ਅੰਦਰ ਤੱਕ ਸਰਸ਼ਾਰ ਕਰ ਦਿੱਤਾ। ਪਲ ਦੇ ਪਲ ਲਈ ਉਹ ਹਰਾ ਭਰਾ ਹੋ ਗਿਆ ਅਤੇ ਬਾਕੀ ਉਸ ਕੋਲ ਰਹਿ ਗਈ, ਉਸ ਝਲਕਾਰੇ ਦੀ ਯਾਦ।



www.AKJ.Org

# ਗੁਰਸਿੱਖ ਦੀ ਕਰਣੀ

*(ਗਿ: ਊਧਮ ਸਿੰਘ ਜੀ)*

* ਗੁਰੂ ਦਾ ਸਿੱਖ ਵਾਹਿਗੁਰੂ ਅਕਾਲ ਪੁਰਖ ਤੋਂ ਬਿਨ੍ਹਾ, ਹੋਰ ਕਿਸੇ ਦੀ ਭਗਤੀ ਉਪਾਸਨਾ ਨਹੀਂ ਕਰਦਾ, ਤੇ ਨਾ ਉਸ ਦੇ ਤੁਲ ਕਿਸੇ ਹੋਰ ਨੂੰ ਮੰਨਦਾ ਹੈ।
* ਗੁਰੂ ਦਾ ਸਿੱਖ ਦੱਸ ਗੁਰੂ ਜਾਮਿਆਂ ਤੇ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਤੇ ਵੀ ਗੁਰੂ ਭਾਵਨਾ ਨਹੀਂ ਰੱਖਦਾ ਤੇ ਨਾ ਹੀ ਕਿਸੇ ਨੂੰ ਮੱਥਾ ਟੇਕਦਾ ਹੈ।
* ਗੁਰੂ ਸਿੱਖ ਜੀਵਨ ਭਰ ਰਾਤ ਦੇ ਚੌਥੇ ਪਹਿਰ ਜਾਗਦਾ, ਇਸ਼ਨਾਨ ਕਰਕੇ ਨਿਤਨੇਮ ਕਰਦਾ ਅਤੇ ਰੋਜ਼ਾਨਾ ਪ੍ਰਮਾਤਮਾ ਦੀ ਬੰਦਗੀ ਕਰਦਾ ਹੈ।
* ਗੁਰੂ ਦਾ ਸਿੱਖ ਵੱਸ ਲੱਗੇ ਸਤਿ ਸੰਗ ਦੀ ਹਾਜ਼ਰੀ,ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਪਾਠ, ਤੇ ਅਰਦਾਸ ਤੋਂ ਪਹਿਲਾਂ ਕਾਰ ਵਿਹਾਰ ਨਹੀਂ ਕਰਦਾ।
* ਗੁਰੂ ਦਾ ਸਿੱਖ ਕਦੇ ਪਾਪ ਦੁਆਰਾ, ਕਿਸੇ ਦਾ ਹੱਕ ਛੀਨ ਕੇ, ਹੇਰਾ ਫੇਰੀ ਕਰਕੇ, ਜਾਂ ਝੂਠ ਫਰੇਬ ਰਾਹੀਂ ਅਪਨੀ ਕਿਰਤ ਨੂੰ ਅਪਵਿੱਤ੍ਰ ਨਹੀਂ ਹੋਣ ਦੇਂਦਾ।
* ਗੁਰੂ ਦਾ ਸਿੱਖ ਹਰ ਕਿਸੇ ਨਾਲ ਮਿੱਠਾ ਬੋਲਦਾ, ਸਭ ਦੇ ਅੰਦਰ ਵਾਹਿਗੁਰੂ ਦੀ ਜੋਤ ਨੂੰ ਵਿਆਪਕ ਜਾਣਦਾ ਤੇ ਸਭ ਦੀ ਯੋਗ ਸਹਾਇਤਾ ਕਰਦਾ ਹੈ।
* ਗੁਰਸਿੱਖ ਵੈਰ ਵਿਰੋਧ, ਝੂਠ, ਬੁਰਾਈ, ਅਨਹੱਕ ਨਿੰਦਾ ਚੁਗਲੀ ਤੇ ਪਰ ਇਸਤ੍ਰੀ ਦੇ ਸੰਗ ਤੋਂ ਆਪਣੇ ਤਨ ਤੇ ਮਨ ਨੂੰ ਦਾਗ ਤੋਂ ਬਚਾ ਕੇ ਰੱਖਦਾ ਹੈ।
* ਗੁਰਸਿੱਖ ਅੰਨ ਪਾਣੀ ਆਦਿ ਤੋਂ ਬਿਨਾ ਕਿਸੇ ਅਮਲ ਵਾਲੀ ਵਸਤੂ ਦੀ ਜੀਵਨ ਭਰ ਵਰਤੋਂ ਨਹੀਂ ਕਰਦਾ, ਤੇ ਨਾ ਐਸੇ ਲੋਕਾਂ ਦੀ ਸੰਗਤ ਕਰਦਾ ਹੈ।
* ਗੁਰਸਿੱਖ ਹਰ ਸਮੇਂ ਕਿਸੇ ,ਲੋੜ ਵੰਦ ਦੀ ਵਿੱਤ ਅਨੁਸਾਰ ਸੇਵਾ ਕਰਦਾ, ਦੁੱਖ ਸੁੱਖ ਵੇਲੇ ਹੱਥ ਵਟਾਂਦਾ ਅਤੇ ਮਦਦ ਕਰਕੇ ਪ੍ਰਸੰਨ ਹੋਂਦਾ ਹੈ।
* ਗੁਰੂ ਦਾ ਸਿੱਖ ਆਪਣੇ ਆਪ ਨੂੰ ਖਾਲਸਾ ਪੰਥ ਦਾ ਅੰਗ ਸਮਝਦਾ, ਪੰਥਕ ਕੰਮਾ ਵਿਚ ਹੱਥ ਵਟਾਦਾ ਤੇ ਸੀਸ ਵਾਰਨ ਲਈ ਤਤਪਰ ਰਹਿੰਦਾ ਹੈ।
* ਗੁਰੂ ਦਾ ਸਿੱਖ ਕਦੇ ਕਿਸੇ ਬੇਦੋਸ਼ੇ, ਬਿਰਧ, ਬਾਲ,ਇਸਤ੍ਰੀ ਜਾਂ ਗਰੀਬ ਅਪਾਹਜ ਤੇ ਕਾਤਲਾਨਾ ਵਾਰ ਨਹੀਂ ਕਰਦਾ, ਭਾਵੇਂ ਉਹ ਕਿਸੇ ਮਜ਼੍ਹਬ ਦਾ ਹੋਵੇ।
* ਗੁਰੂ ਦਾ ਸਿੱਖ ਸਿਨੇਮਾ, ਨਾਚ, ਨਾਵਲ, ਗੰਦੇ ਗੀਤ ਸੱਟਾ ਜੂਆ, ਚੋਰੀ ਯਾਰੀ ਆਦਿ ਸਭ ਔਗੁਣਾ ਤੋਂ ਜੀਵਨ ਭਰ ਨਿਰਲੇਪ ਅਥਵਾ ਦੂਰ ਰਹਿੰਦਾ ਹੈ।
* ਗੁਰੂ ਦਾ ਸਿੱਖ ਉਮਰ ਭਰ ਅਪਨੀ ਕਮਾਈ ਵਿਚੋਂ ਦਸਵੰਧ ਦੇਂਦਾ, ਗਰੀਬ ਦੁਖੀਆ ਦੀ ਸਹਾਇਤਾ ਕਰਦਾ ਅਤੇ ਮਾਣ ਹੋਂਦੇ ਹੋਇ ਨਿਮਾਣਾ ਰਹਿੰਦਾ ਹੈ।
* ਗੁਰੂ ਦਾ ਸਿੱਖ ਜੇ ਕੌਡੀਆ ਤੇ ਨਹੀਂ ਡੁੱਲਦਾ ਤਾ ਕ੍ਰੋੜਾ ਤੇ ਵੀ ਨਹੀਂ ਡੋਲਦਾ, ਉਹ ਹਮੇਸ਼ਾ ਸੱਤ ਸੰਤੋਖ ਸ਼ਾਤੀ ਅਤੇ ਸਬਰ ਦਾ ਜੀਵਨ ਗੁਜ਼ਾਰਦਾ ਹੈ।
* ਗੁਰੂ ਦਾ ਸਿੱਖ ਗੁਰੂ ਘਰ ਦੀ ਮਾਇਆ (ਬਿਨ੍ਹਾ ਨੌਕਰੀ ਦੀ ਉਜਰਤ ਦੇ) ਅੰਗੀਕਾਰ ਨਹੀ ਕਰਦਾ ਤੇ ਨਾ ਹੀ ਚਤ੍ਰਾਈ ਨਾਲ ਕੋਈ ਹੋਰ ਵਸਤੂ ਲੈਂਦਾ ਹੈ।
* ਗੁਰੂ ਦਾ ਸਿੱਖ ਨਿਤਾਪ੍ਰਤ ਸ਼ਾਮ ਨੂੰ ਸੋਦਰ ਦਾ ਤੇ ਰਾਤ ਨੂੰ ਸੋਹਿਲੇ ਦਾ ਪਾਠ ਕਰਕੇ, ਅਰਦਾਸ ਤੋਂ ਉਪ੍ਰੰਤ ਵਾਹਿਗੁਰੂ ਦਾ ਧਿਆਨ ਧਰ ਕੇ ਸੌਂਦਾ ਹੈ।
* ਗੁਰ ਸਿੱਖ ਹਮੇਸ਼ਾ ਨਾਮ ਰਸੀਏ ਗੁਰ ਸਿੱਖ ਸਤ ਪੁਰਖਾਂ ਦੇ ਬਿਰਦਾਂ ਸਤ ਸੰਗੀਆ ਦਾ ਸੰਗ ਕਰਦਾ ਹੈ, ਉਹ ਕਦੇ ਕੁਸੰਗ ਦੇ ਨੇੜੇ ਨਹੀਂ ਜਾਦਾ।
* ਗੁਰੂ ਦਾ ਸਿੱਖ ਜੀਵਨ ਭਰ ਪੰਜ ਕਕਾਰ ਦੀ ਰਹਿਤ ਰੱਖਦਾ, ਇਨ੍ਹਾਂ ਦੇ ਅੰਤ੍ਰੀਵ ਭਾਵ ਤੇ ਅਮਲ ਕਰਦਾ ਅਤੇ ਕੁਰਹਿਤਾ ਤੋਂ ਬੱਚਕੇ ਰਹਿੰਦਾ ਹੈ।



www.AKJ.Org

ਆਰ. ਐਸ. ਐਸ. ਵੱਲੋਂ ਸਿੱਖ ਧਰਮ ਬਾਰੇ ਪਾਏ ਜਾ ਰਹੇ ਭੁਲੇਖਿਆਂ ਦੇ ਪ੍ਰਸੰਗ 'ਚ

# ਕੁਝ ਸਵਾਲ ਇਹ ਵੀ

(ਜਸਪਾਲ ਸਿੰਘ -ਚੈਅਰਮੈਨ ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ ਮੁਹਾਲੀ)

ਪ੍ਰਸ਼ਨ:- ਗੁਰੂ ਗੋਬਿੰਦ ਸਿੰਘ ਜੀ ਅਤੇ ਪੀਰ ਬੁਧੂ ਸ਼ਾਹ ਦਰਮਿਆਨ ਇਲਾਹੀ ਪਿਆਰ ਨੂੰ ਦਰਸਾਉਂਦੀ ਕੋਈ ਘਟਨਾ ਦੱਸੋ?

ਉੱਤਰ:- ਗੁਰੂ ਜੀ ਪੀਰ ਜੀ ਵੱਲੋਂ ਔਖੇ ਸਮੇਂ ਕੀਤੀ ਮੱਦਦ ਤੋਂ ਬੇਹੱਦ ਖੁਸ਼ ਸਨ। ਉਹ ਪੀਰ ਜੀਨੂੰ ਬੇਸ਼ੁਮਾਰ ਤੋਹਫ਼ਿਆ ਨਾਲ ਲੱਦ ਦੇਣਾ ਚਾਹੁੰਦੇ ਸਨ। ਪਰ ਜਦੋਂ ਗੁਰੂ ਜੀ ਆਪਣੇ ਕੰਘੇ ਨਾਲ ਕੇਸ ਵਾਹ ਰਹੇ ਸਨ ਤਾ ਪੀਰ ਬੁਧੂ ਸ਼ਾਹ ਨੇ ਗੁਰੂ ਜੀ ਦੀ ਕੰਘਾ ਤੇ ਦਸਤਾਰ ਤੇ ਕਿਰਪਾਨ ਤੋਹਫ਼ੇ ਵਜੋਂ ਮੰਗੀ। ਗੁਰੂ ਜੀ ਨੇ ਦਿਲ ਦੇ ਸਾਰੇ ਪਿਆਰ ਨਾਲ ਇਹ ਤੋਹਫ਼ੇ ਪੀਰ ਜੀ ਨੂੰ ਦੇ ਦਿੱਤੇ ਜੋ ਪੀਰ ਜੀ ਦੇ ਪਰਿਵਾਰ ਨੇ ਸਤਿਕਾਰ ਨਾਲ ਸਾਂਭੇ ਹੋਏ ਹਨ।

ਪ੍ਰਸ਼ਨ:- ਹਿੰਦੂ ਧਰਮ ਦੇ ਮੋਟੇ ਮੋਟੇ ਸਿਧਾਂਤ ਕਿਹੜੇ ਹਨ?

ਉੱਤਰ:- ਵੇਦਾਂ, ਉਪਨਿਸ਼ਦਾਂ ਸਿਮਰਤੀਆ ਵਿੱਚ ਵਿਸ਼ਵਾਸ, ਜਨਮ ਅਧਾਰਿਤ ਵਰਨ ਵੰਡ ਵਿਚ ਵਿਸ਼ਵਾਸ, ਮੂਰਤੀ ਪੂਜਾ ਵਿਚ ਵਿਸ਼ਵਾਸ ਅਤੇ ਸੰਸਕ੍ਰਿਤ ਦੇ ਦੇਵ ਭਾਸ਼ਾ ਹੋਣ ਦਾ ਵਿਸ਼ਵਾਸ ।

ਪ੍ਰਸ਼ਨ:- ਕੀ ਸਿੱਖ ਧਰਮ ਦਾ ਉਪਰੋਕਤ ਸਿਧਾਂਤਾਂ ਨਾਲ ਕੋਈ ਵਾਸਤਾ ਹੈ?

ਉੱਤਰ:- ਦੂਰ ਦਾ ਵੀ ਵਾਸਤਾ ਨਹੀ। ਹਾਂ ਸਿੱਖ ਸਾਰੇ ਧਰਮ ਦੇ ਧਾਰਮਿਕ ਗ੍ਰੰਥਾਂ ਤੇ ਰਹੁਰੀਤਾ ਦੀ ਆਜ਼ਾਦੀ ਦੇ ਅਲੰਬਦਾਰ ਹਨ।

ਪ੍ਰਸ਼ਨ:- ਜਦੋਂ ਸਿੱਖਾ ਦਾ ਵੱਡਾ ਹਿੱਸਾ ਹਿੰਦੂਆ ਵਿਚੋਂ ਆਇਆ ਹੈ ਤਾ ਫਿਰ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਸ਼ਾਖ ਕਹਿਣ ਵਿਚ ਕੀ ਹਰਜ਼ ਹੈ?

ਉੱਤਰ:- 1) ਇਸਾਈ ਧਰਮ ਦੇ ਲੋਕ ਯਹੂਦੀਆ ਵਿਚੋਂ ਆਏ ਹਨ। ਕੀ ਅਸੀਂ ਕਦੇ ਇਸਾਈਆਂ ਨੂੰ ਯਹੂਦੀ ਧਰਮ ਦੀ ਸ਼ਾਖ ਕਹਿੰਦੇ ਹਾਂ? ਦੋਵੇਂ ਧਰਮ ਵੱਖਰੇ ਵੱਖਰੇ ਧਰਮ ਦੇ ਤੌਰ ਤੇ ਜਾਣੇ ਜਾਂਦੇ ਹਨ।
2) ਭਾਰਤ ਵਿਚ 2 ਕਰੋੜ ਤੋ ਉਪਰ ਇਸਾਈ ਰਹਿੰਦੇ ਹਨ ਉਹ ਸਾਰੇ ਦੇ ਸਾਰੇ ਹਿੰਦੂਆ ਵਿਚੋਂ ਆਏ ਹਨ। ਕੀ ਆਰ.ਐਸ.ਐਸ ਵਾਲੇ ਵੀਰਾ ਨੇ ਉਨ੍ਹਾਂ ਨੂੰ ਕਦੇ ਹਿੰਦੂ ਧਰਮ ਦੀ ਸ਼ਾਖ ਕਿਹਾ ਹੈ।
3) ਭਾਰਤ ਵਿਚ 12 ਕਰੋੜ ਤੋਂ ਉਪਰ ਮੁਸਲਮਾਨ ਵੀ ਰਹਿੰਦੇ ਹਨ। ਇਹ ਬਹੁਤ ਵੱਡੀ ਗਿਣਤੀ ਵਿਚ ਹਿੰਦੂਆਂ ਵਿਚੋਂ ਆਏ ਹਨ ਅਤੇ ਆਰ.ਐਸ.ਐਸ. ਦੇ ਵੀਰ ਵੀ ਇਹ ਤੱਥ ਸਵੀਕਾਰ ਕਰਦੇ ਹਨ। ਕੀ ਇਨ੍ਹਾਂ ਮੁਸਲਮਾਨਾ ਨੂੰ ਆਰ.ਐਸ.ਐਸ. ਨੇ ਕਦੇ ਹਿੰਦੂ ਧਰਮ ਦੀ ਸ਼ਾਖ ਕਿਹਾ ਹੈ?

ਪ੍ਰਸ਼ਨ:- ਤਾ ਫ਼ਿਰ ਸਿੱਖਾਂ ਨੂੰ ਹਿੰਦੂ ਧਰਮ ਦੀ ਸ਼ਾਖ ਕਹਿਣ ਵਿਚ ਆਰ.ਐਸ.ਐਸ ਦਾ ਕੀ ਮੰਤਵ ਹੋ ਸਕਦਾ ਹੈ?

ਉਤਰ:- ਇਹ ਆਰ.ਐਸ.ਐਸ ਤੋਂ ਹੀ ਪੁੱਛਿਆ ਜਾਏ ਤਾ ਬੇਹਤਰ ਹੈ।

ਪ੍ਰਸ਼ਨ:- ਕੀ ਸਿੱਖ ਧਰਮ ਹਿੰਦੂ ਧਰਮ ਦੀ ਰੱਖਿਆ ਲਈ ਪੈਦਾ ਹੋਇਆ ਸੀ?

ਉਤਰ:- ਬਹੁਤ ਹੀ ਹਾਸੋ-ਹੀਣਾ, ਕਚਘਰੜ, ਬਚਖਾਨਾ, ਗੁਮਰਾਹਕੁਨ, ਭੁਲੇਖਾਪਾਊ ਅਤੇ ਜੁਆਕਾ ਵਾਲਾ ਸਵਾਲ ਹੈ ਕਿਉਂਕਿ:
1) ਹਿੰਦੂਆ ਦੀ ਵਰਣ-ਵੰਡ ਮੁਤਾਬਿਕ ਹਿੰਦੂ ਕੌਮ ਦੀ ਰੱਖਿਆ ਦਾ ਕੰਮ ਕਸ਼ੱਤਰੀਆ ਦਾ ਹੈ।
2) ਸਿੱਖ ਵਰਣ-ਵੰਡ ਨੂੰ ਮੂਲੋਂ ਹੀ ਰੱਦ ਕਰਦੇ ਹਨ।
ਪਰ ਫਿਰ ਵੀ ਜੇਕਰ ਆਰ. ਐਸ. ਐਸ. ਦੇ ਅਨੁਯਾਈਸਿਖ ਧਰਮ ਨੂੰ ਕੇਵਲ ਹਿੰਦੂ ਧਰਮ ਦੇ ਰੱਖਿਅਕ ਹੀ ਮੰਨਦੇ ਹਨ ਤਾ ਕਿਰਪਾ ਕਰਕੇ ਇਹ ਦੱਸਿਆ ਜਾਵੇ ਕਿ ਇਨ੍ਹਾਂ ਰਖਵਾਲਿਆਂ ਦੀ ਗਿਣਤੀ ਫੌਜ ਵਿੱਚ ਲਗਾਤਾਰ ਤੇ ਤੇਜੀ ਨਾਲ ਘਟਾਈ ਕਿਉਂ ਜਾ ਰਹੀ ਹੈ ?

(ਚਲਦਾ)



www.AKJ.Org

# ਗੁਰਬਾਣੀ ਸੰਗੀਤ

(ਪ੍ਰੋ: ਕਰਤਾਰ ਸਿੰਘ ਜੀ ਲੁਧਿਆਣਾ)

## ਰਾਗੁ ਭੈਰਉ (ਭੈਰਵ)

ਪਰੀਚੈ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗੁ-ਤਰਤੀਬ ਵਿੱਚ ਰਾਗੁ ਭੈਰਉ ਨੂੰ ੨੪ਵਾਂ ਸਥਾਨ ਪ੍ਰਾਪਤ ਹੈ। ਭੈਰਵ ਉਤਰੀ ਸੰਗੀਤ ਪੱਧਤੀ ਦਾ ਇਕ ਪੁਰਾਤਨ ਪ੍ਰਸਿੱਧ ਤੇ ਮਧੁਰ ਰਾਗੁ ਹੈ।

ਰਾਗੁ - ਭੈਰਉ　　　　ਥਾਟ - ਭੈਰਵ
ਸਵਰ - ਰਿਸ਼ਭ ਤੇ ਧੈਵਤ ਕੋਮਲ, ਬਾਕੀ ਸਾਰੇ ਸ਼ੁੱਧ　　　　ਵਰਜਿਤ ਸਵਰ - ਕੋਈ ਨਹੀਂ
ਜਾਤੀ - ਸੰਪੂਰਨ-ਸੰਪੂਰਨ　　　　ਵਾਦੀ - ਧੈਵਤ
ਸੰਵਾਦੀ - ਰਿਸ਼ਭ
ਆਰੋਹ - ਸ ਰੁ ਗ ਮ ਪ ਧੁ ਨ ਸਂ
ਅਵਰੋਹ - ਸਂ ਨ ਧੁ ਪ ਮ ਗ ਰੁ ਸਾ
ਮੁਖ ਅੰਗ- ਗ ਮ ਧੁ ਧੁ ਪ ਗ ਮ ਰੁ ਰੁ ਸ

**ਭੈਰਉ ਬਾਣੀ ਭਗਤਾ ਕੀ॥ ਕਬੀਰ ਜੀਉ ਘਰੁ ੧ ੧ੴ ਸਤਿਗੁਰ ਪ੍ਰਸਾਦਿ॥ (੧੧੫੭)**

**ਇਹੁ ਧਨੁ ਮੇਰੇ ਹਰਿ ਕੋ ਨਾਉ॥ ਗਾਂਠਿ ਨ ਬਾਧਉ, ਬੇਚਿ ਨ ਖਾਉ॥੧॥ ਰਹਾਉ॥**
**ਨਾਉ ਮੇਰੇ ਖੇਤੀ, ਨਾਉ ਮੇਰੇ ਬਾਰੀ॥ ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ॥੧॥**
**ਨਾਉ ਮੇਰੇ ਮਾਇਆ, ਨਾਉ ਮੇਰੇ ਪੂੰਜੀ॥ ਤੁਮਹਿ ਛੋਡਿ ਜਾਨਉ ਨਹੀ ਦੂਜੀ॥੨॥**
**ਨਾਉ ਮੇਰੇ ਬੰਧਪਿ, ਨਾਉ ਮੇਰੇ ਭਾਈ॥ ਨਾਉ ਮੇਰੇ ਸੰਗਿ, ਅੰਤਿ ਹੋਇ ਸਖਾਈ॥੩॥**
**ਮਾਇਆ ਮਹਿ ਜਿਸੁ ਰਖੈ ਉਦਾਸੁ॥ ਕਹਿ ਕਬੀਰ ਹਉ ਤਾ ਕੋ ਦਾਸੁ॥੪॥੧॥**

ਗਾਂਠਿ - ਗੰਢ। ਬਾਰੀ - ਵਾੜੀ। ਸਖਾਈ - ਮਦਦਗਾਰ। ਉਦਾਸੁ - ਨਿਰਲੇਪ॥

### ਰਾਗੁ ਭੈਰਉ ਤੀਨ ਤਾਲ.

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | ਅਸਥਾਈ | ਗ | ਮ | ਧੁ | ਧੁ | ਪ | - | ਗ | ਮ |
| | | | | | | | | ਇ | ਹੁ | ਧ | ਨੁ | ਮੇ | s | ਰੇ | s |
| ਪ | ਪ | ਗ | ਮ | ਰੁ | - | ਸ | - | ਸ | - | ਮ | ਮ | ਪ | - | ਪਪ | ਧੁ |
| ਹ | ਰਿ | ਕੋ | s | ਨਾ | s | ਉ | s | ਗਾਂ | s | ਠਿ | ਨ | ਬਾ | s | ਧਉ | s |
| ਪਧੁ | ਨਸਂ | ਨ | ਸਂ | ਧੁ | - | ਪ | - | | | | | | | | |
| ਬੇਂs | ss | ਚਿ | ਨ | ਖਾ | s | ਉ | s | | | | | | | | |
| x | | | | 2 | | | | 0 | | | | 3 | | | |
| | | | | | | | ਅੰਤਰਾ | ਮ | ਮ | ਪ | ਪ | ਧੁ | - | ਨ | - |
| | | | | | | | | ਨਾ | ਉ | ਮੇ | ਰੇ | ਖੇ | s | ਤੀ | s |
| ਸਂ | ਸਂ | ਸ | ਸਂ | ਰੁਂ | - | ਸਂ | - | ਧੁ | ਨ | ਸਂ | ਰੁਂ | ਸਂਸਂ | ਨ | ਧੁ | ਪ |
| ਨਾ | ਉ | ਮੇ | ਰੇ | ਬਾ | s | ਰੀ | s | ਭ | ਗ | ਤਿ | ਕ | ਰਉ | s | ਜ | ਨੁ |
| ਮ | ਪ | ਧੁ | ਪ | ਮਪ | ਧੁਪ | ਮਗ | ਰੁਸ | | | | | | | | |
| ਸੁ | ਰ | ਨਿ | ਤੁ | ਮਾs | ss | ਰੀs | ss | | | | | | | | |
| x | | | | 2 | | | | 0 | | | | 3 | | | |

ਤਾਨਾਂ :-

1 ਸਰੁ ਗਮ ਪਧੁ ਪਮ ਗ- ਮਪ ਮਗ ਰੁਸ
੨. ਗਮ ਪਧੁ ਪਮ ਗਮ ਧੁਪ ਮਗ ਰੁਰੁ ਸ-
3.ਗਮ ਪਧੁ ਨਸਂ ਧੁਨੀ ਸਂਨ ਧੁਪ ਮਗ ਰੁਸ
4. ਗਮ ਪਧੁ ਨਸਂ ਰੁਸਂ ਨਨ ਧੁਪ ਮਗ ਰੁਸ
5 ਗਮ ਪਮ ਗਮ ਪਧੁ ਪਮ ਗਮ ਪਧੁ ਨਧੁ ਪਮ ਗਮ ਪਧੁ ਨਸਂ ਨਧੁ ਪਮ ਗਰੁ ਸ-
੬.ਸਰੁ ਗਮ ਪਮ ਗਮ ਧੁਪ ਮਪ ਨਧੁ ਪਧੁ ਸਂਨ ਧੁਨ ਰੁਸਂ ਨਸਂ ਨਨ ਧੁਪ ਮਗ ਰੁਸ



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਸੂਰਾ ਅਪ੍ਰੈਲ ੨੦੦1 ਦੇਖੋ)

### *੩੦ ਆਨਮਤਿ ਕਰਮਾਂ ਨਾਲੋਂ ਗੁਰਮਤਿ ਕਰਮ ਦੀ ਵਿਲੱਖਣਤਾ*

ਅੰਤਰਿ ਅਲਖੁ ਨ ਜਾਈ ਲਖਿਆ॥ ਨਾਮੁ ਰਤਨ ਲੈ ਗੁਝਾ ਰਖਿਆ॥
ਅਗਮ ਅਗੋਚਰ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ॥੧॥
ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ॥
ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ॥੧॥ਰਹਾਉ॥
ਸਾਧਿਕ ਸਿਧ ਜਿਸੈ ਕਉ ਫਿਰਦੇ॥ ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ॥
ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ॥੨॥
(੮॥੧॥੩੫॥) (ਮਾਝ ਮ: ੫, ਪੰਨਾ ੧੩੦)

ਭਾਵਅਰਥ- ਜਿਸ ਪ੍ਰਮਾਤਮਾ ਨੂੰ ਸਾਧਿਕ ਸਿਧ ਅਨੇਕ ਕਰਮਾਂ-ਕਾਰੀ ਸਾਧਨ ਕਰਿ ਕਰਿ ਭਜੇ ਫਿਰਦੇ ਹਨ, ਬਥੇਰੇ ਬ੍ਰਹਮੇ ਇੰਦਾਇਕ ਦੇਵਤੇ ਅੰਤਰ ਧਿਆਨ ਹੋ ਕੇ ਮਿਲਣ ਲਈ ਅਰਾਧਦੇ ਹਨ, ਤੇਤੀ ਕਰੋੜ ਦੇਵਤੇ ਕੋਟਿ ਕਰਮ ਕਰਿ ਕਰਿ ਜਿਸ ਨੂੰ ਖੋਜਦੇ ਹਨ ਪਰ ਉਹ ਖੋਜਿਆ ਨਹੀਂ ਜਾਂਦਾ, ਉਹ ਅਲਖ ਅਗੋਚਰ ਪਾਰਬ੍ਰਹਮ ਪਰਮਾਤਮਾ ਗੁਰੂ ਸਤਿਗੁਰੂ ਪੂਰੇ ਨੂੰ ਮਿਲ ਕੇ ਕੇਵਲ ਗੁਰਮਤਿ ਦੁਆਰਾ ਹੀ ਪਾਇਆ ਜਾਂਦਾ ਹੈ। ਪਾਇਆ ਭੀ ਐਸਾ ਜਾਂਦਾ ਹੈ ਕਿ ਗੁਰਮੁਖ ਜਨ ਉਸ ਦਾ ਦਰਸ਼ਨ ਪਾ ਕੇ ਘਟ ਅੰਤਰਿ ਹੀ ਉਸ ਨੂੰ ਲਖਿ ਲਖਿ ਵਿਗਸ ਵਿਗਸ ਉਸ ਸਨਮੁਖ ਲਖੁ ਵਾਹਿਗੁਰੂ ਦਾ ਜਸੁ ਮਹਿਵ ਹੋ ਕੇ ਗਾਵਦੇ ਹਨ। ਨਹੀਂ ਤਾ ਉਹ ਅਲੱਖ ਨਿਰੰਕਾਰ ਵਾਹਿਗੁਰੂ ਕਿਸੇ ਭੀ ਆਨਮੱਤ ਕਰਮ ਕਾਂਡੀ ਪੁਰਸ਼ ਤੋਂ ਨਹੀਂ ਪਾਇਆ ਜਾ ਸਕਦਾ। ਉਹ ਅਲੱਖ ਅਦ੍ਰਿਸ਼ਟ ਵਾਹਿਗੁਰੂ ਸਭਨਾ ਘਟਾ ਅੰਦਰਿ ਵਸ ਰਿਹਾ ਹੈ। ਘਟਾ ਅੰਦਰਿ ਵਸਦਾ ਹੋਇਆ ਫੇਰ ਕਿਸੇ ਤੋਂ ਨਹੀਂ ਲਖਿਆ ਜਾਂਦਾ। ਉਹ ਅਗਮ ਅਗੋਚਰ ਸਭ ਤੋਂ ਉਚਾ ਪਾਰ ਬ੍ਰਹਮ ਪਰਮੇਸ਼ਰ ਵਾਹਿਗੁਰੂ ਗੁਰੂ ਕੇ ਸ਼ਬਦ ਗੁਰਮੰਤਰ ਦੁਆਰਾ ਘਟ ਅੰਤਰਿ ਹੀ ਲਖਿਆ ਜਾਂਦਾ ਹੈ।

ਗੁਰ ਸ਼ਬਦ ਗੁਰ ਮੰਤਰ ਦੀ ਖੇਡ ਗੁਰੂ ਘਰ ਅੰਦਰਿ ਬੜੀ ਹੀ ਗੁੱਝੀ ਹੈ। ਗੋਝ ਰਤਨ ਵਾਹਿਗੁਰੂ ਦਾ ਨਾਮੁ ਗੁਰਮੁਖ ਜਨ ਗੁੱਝਾ ਹੀ ਆਪਣੇ ਘਟ ਅੰਦਰਿ ਰਖਦੇ ਹਨ। ਅਤੇ ਅੰਦਰੋ ਅੰਦਰਿ ਗੁਪਤੋ ਗੁਪਤ ਉਸ ਦਾ ਰਸ ਰੰਗ ਮਾਣਦੇ ਹਨ। ਗੁਰੂ ਘਰ ਦੀ ਗੁੱਝੀ ਖੇਡ ਦੁਆਰਾ ਪਹਿਲਾ ਤਾਂ ਗੁੱਝੇ ਗੁਰਮੁਖ ਲਾਲਾਂ ਪੰਚ ਪਰਵਾਣ ਪਿਆਰਿਆ ਨੂੰ ਪੰਥ ਵਿਚ ਟੋਲ ਵਿਰੋਲ ਕੇ ਲੱਭਿਆ ਜਾਂਦਾ ਹੈ। ਫੇਰ ਉਹ ਪੰਜੇ ਗੁੱਝੇ ਗੁਰੂ ਕੇ ਲਾਲ ਪਿਆਰੇ ਗੁਰੂ ਕੀ ਜਣਾਈ ਗੁੱਝੀ ਗੁਰਮਤਿ ਜੁਗਤੀ ਅਨੁਸਾਰ( ਜੋ ਧਰਿ ਸਿਰੀ ਦਸਮੇਸ਼ ਦੇ ਸਮੇਂ ਤੋਂ ਸੀਨਾ ਬਸੀਨਾ ਚਲੀ ਆਉਂਦੀ ਹੈ, ਪੰਥ ਅੰਦਰ ਗੁੱਝੀ ਹੀ ਚਲ਼ੀ ਆਉਂਦੀ ਹੈ) ਗੁਰ-ਦੀਖਿਆ ਰੂਪੀ ਅੰਮ੍ਰਿਤ-ਨਾਮ ਅਧਿਕਾਰੀ ਜਨਾ ਦੇ ਹਿਰਦਿਆ ਘਟਾ ਅੰਦਰ ਪਰਵੇਸ਼ ਕਰਦੇ ਹਨ। ਇਹ ਗੁਰ ਪਰਵੇਸ਼ਿਆ ਘਟੰਤਰੀ ਅੰਮ੍ਰਿਤ-ਨਾਮ ਜੋਤਿ-ਜਗੰਨ੍ਹਾ ਹੀਰਾ ਰਤਨ ਹੋ ਕੇ ਗੋਝ ਗੁਪਤੀ ਖੇਡ ਵਿਚ ਹਿਰਦੇ ਅੰਦਰ ਪ੍ਰਕਾਸ਼ਿਤ ਹੋ ਜਾਂਦਾ ਹੈ। ਕਈਆ ਵਡਭਾਗੀਆ ਪੂਰਬ ਖਿਤ ਅੰਕੂਰੀ ਉੱਚ ਕਰਮੱਗੀਆ ਦੇ ਹਿਰਦੇ ਅੰਦਰ ਅੰਮ੍ਰਿਤ ਛਕਣ ਸਮੇਂ ਹੀ ਗੁਰਦੀਖਿਆ ਮਿਲਣ ਸਾਰ ਜਗਮਗਾ ਪੈਂਦਾ ਹੈ। ਇਹ ਜਗਮਗੀ ਝਾਲ ਓਹਨਾ ਤੋਂ ਝੱਲੀ ਨਹੀਂ ਜਾਦੀ। ਓਹ ਲੋਟ ਪੋਟ ਹੋ ਜਾਦੇ ਹਨ। ਗੁਰੂ ਸਰੂਪ ਪੰਜ ਪਿਆਰੇ ਹੀ ਇਹ ਝਾਲ ਝਲਾਉਂਦੇ ਅਜਰ ਜਰਾਉਂਦੇ ਹਨ। ਕਈਆਨੂੰ ਤਤ-ਫੜੱਤੀ ਜੋਤਿ ਜਗੰਤਰੀ ਪਰਗਾਸਤਾ ਨਹੀਂ ਹੁੰਦੀ, ਪਰ ਨਾਮ ਅਭਿਆਸ ਦਾ ਤੋਰਾ ਤੁਰ ਪੈਂਦਾ ਹੈ। ਰਸ ਰੁਮਕੀ ਸਾਗ ਭੀ ਓਹਨਾ ਦੇ ਹਿਰਦੇ ਅੰਦਰ ਫਿਰ ਜਾਦੀ ਹੈ। ਇਹ ਰਸ ਰੁਮਕੀ ਸਾਗ ਨਾਮ ਦ੍ਰਿੜਤਾ ਦੀ ਨੀਸ਼ਾਨੀ ਹੁੰਦੀ ਹੈ। ਇਸ ਦੇ ਆਸਰੇ ਉਭਾਰ ਕਰ ਕੇ ਉਹ ਨਾਮ ਅਭਿਆਸ ਕਮਾਈਆ ਵਿਚ ਲੱਕ ਬੰਨ੍ਹ ਕੇ ਜੁਟ ਪੈਂਦੇ ਹਨ। ਅਤੇ ਨਦਰ ਕਰੰਮੀ ਸਾਰੇ ਸੰਜੋਗਾ ਦੇ ਅਕੂੰਰਤ ਹੋ ਜਾਣ ਪਰ ਰਤਨ



www.AKJ.Org

ਨਾਮ ਦੀ ਜੋਤਿ ਉਨ੍ਹਾਂ ਦੇ ਹਿਰਦੇ ਅੰਦਰ ਅਚਿੰਤੇ ਹੀ ਜਗ ਪੈਂਦੀ ਹੈ। ਇਹ ਸੱਚੜੇ ਸੁਹਾਗ ਭਾਗ ਦੇ ਪ੍ਰਾਪਤਿ ਹੋਣ ਦਾ ਪ੍ਰਿਥਮ ਝਲਕਾ ਪਹਿਲ ਪਲੇਠੀ ਦਾ ਜਲਵਾ ਹੁੰਦਾ ਹੈ। ਇਉਂ ''ਅਗਮ ਅਗੋਚਰ ਸਭ ਤੇ ਊਚਾ ਗੁਰ ਕੈ ਸ਼ਬਦਿ ਲਖਾਵਣਿਆ'' ਵਾਲੀ ਗੁਰਮਤਿ ਜੁਗਤੀ ਦਾ ਬਣਾਉ ਬਣਦਾ ਹੈ।

ਜੋ ਅਗਮ ਅਗੋਚਰ ਪਾਰਬ੍ਰਹਮ ਪਰਮੇਸ਼ਰ ਹੋਰ ਕਿਸੇ ਭੀ ਕਰਮ ਕਾਂਡ ਕਰਕੇ ਵੱਡੇ ਤੋਂ ਵੱਡੇ ਖ਼ੁਦਸਰੀ ਮਤਸਰੀ ਕਰਮ ਕਾਂਡ ਤੋਂ ਨਹੀਂ ਲਖਿਆ ਜਾ ਸਕਦਾ ਉਸ ਨੂੰ ਗੁਰ ਕੈ ਸ਼ਬਦ ਗੁਰਮੰਤਰ ਦੀ ਦੀਖਿਆ ਦੁਆਰਾ ਸਹਿਜੇ ਹੀ ਲਖਿਆ ਜਾ ਸਕਦਾ ਹੈ। ਅਜਿਹੀ ਗੁਰ ਦੀਖਿਆ ਗੁਰਮੰਤ੍ਰੀ ਅੰਮ੍ਰਿਤ ਨਾਮ ਨੂੰ ਜਿਨ੍ਹਾਂ ਨੇ ਇਸ ਕਲਜੁਗਿ ਅੰਦਰਿ ਲਖ ਕੇ ਅਤੇ ਪੰਜ ਪਿਆਰਿਆਂ ਦੀ ਜੁੜਨੀ ਵਿਚ ਜੁੜ ਕੇ ਹੋਰਨਾ ਨੂੰ ਭੀ ਸੁਣਾਇਆ ਦੀਖਸ਼ਾਇਆ ਹੈ, ਤਿਨ੍ਹਾ ਵਿਟਹੁੰ ਸਿਰੀ ਗੁਰੂ ਨਾਨਕ ਪੰਚਮੇਸ਼ ਵਾਰਨੇ ਬਲਿਹਾਰਨੇ ਜਾਂਦੇ ਹਨ। ਐਸੇ ਸੰਤ ਪਿਆਰੇ ਜੋ ਸੱਚੇ ਵਾਹਿਗੁਰੂ ਦੀ ਨਦਰ ਕਰੰਮੀ ਮੇਹਰ ਦੁਆਰਾ ਚੀਨੇ, ਚੁਣੇ, ਪਰਵਾਨੇ ਪਰਧਾਨੇ(ਧਾਰੇ) ਗਏ ਹਨ ਤਿਨ੍ਹਾ ਦਾ ਦਰਸ਼ਨ ਵਡਭਾਗੀ ਹੀ ਮਿਲਦਾ ਹੈ। ਅਜਿਹੇ ਪੰਜ ਪਿਆਰਿਆ ਗੁਰੂ ਸੰਵਾਰਿਆਂ ਦੇ ਦਰਸ਼ਨ ਪਾਉਣਹਾਰੇ ਵਡਭਾਗੀਆ ਵਿਟਹੁੰ ਪੀ ਗੁਰੂ ਸਾਹਿਬ ਕੁਰਬਾਨ ਹੁੰਦੇ ਹਨ।

ਰਤਨੁ ਪਦਾਰਥ ਘਰ ਤੇ ਪਾਇਆ॥ ਪੂਰੇ ਸਤਿਗੁਰੂ ਸਬਦੁ ਸੁਣਾਇਆ॥
ਗੁਰ ਪਰਸਾਦਿ ਮਿਟਿਆ ਅੰਧਿਆਰਾਘਟਿ ਚਾਨਣੁ ਆਪਿ ਪਛਾਨਣਿਆ॥੭॥
ਆਪਿ ਉਪਾਏ ਤੈ ਆਪੇ ਵੇਖੈ॥ ਸਤਿਗੁਰੁ ਸੇਵੈ ਸੋ ਜਨੁ ਲੇਖੈ॥
ਨਾਨਕ ਨਾਮ ਵਸੇ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ॥੮॥

॥੩੧॥੩੨॥(ਮਾਝ ਮ: ੩ ਪੰਨਾ ੧੨੯

ਇਸ ਗੁਰਵਾਕ ਦੁਆਰਾ ਭੀ ਗੁਰ ਗੋਝ ਰੀਤੀ ਅੰਮ੍ਰਿਤ ਨਾਮ ਦੇ ਗੁਪਤੋਂ ਪਰਗਟ ਹੋ ਕੇ ਪਰਵੇਸ਼ ਹੋਣ ਦੀ ਦਰਸਾਈ ਗਈ ਹੈ। ਇਹ ਖੇਡ ਕੇਵਲ ਗੁਰੂ ਘਰ ਅੰਦਰਿ ਹੀ ਹੈ, ਹੋਰ ਕਿਤੇ ਨਹੀਂ। ਨਾਮ ਰੂਪੀ ਰਤਨ ਪਦਾਰਥ ਘਰ ਤੋਂ, ਘਟ ਅੰਤਰੋਂ ਹੀ ਪਾ ਲਈਦਾ ਹੈ। ਜਦੋਂ ਪੂਰੇ ਸਤਿਗੁਰੂ ਨੇ ਪੂਰੇ ਭਾਂਡੇ ਪੰਜਾ ਪਿਆਰਿਆ ਦੇ ਸਰੂਪ ਵਿਚ ਗੁਰ ਦੀਖਆ ਦੇ ਕੇ ਸ਼ਬਦ ਗੁਰਮੰਤਰ ਨੂੰ ਉਤਮ ਜਗਿਆਸੂ ਜਨ ਦੇ ਸ੍ਰਵਣਾ(ਕੰਨਾ) ਅੰਦਰਿ ਸੁਣਾਇਆ, ਫੇਰ ਉਸ ਦਾ ਸਾਰਾ ਹੀ ਅਗਿਆਨ ਅੰਧੇਰਾ ਮਿਟ ਗਿਆ। ਜਦੋਂ ਗੁਰਪ੍ਰਸਾਦੀ ਅਤੁਟ ਨਾਮ-ਜੋਤਿ ਪਰਜੁਅਲਤ ਹੋ ਗਈ ਅਤੇ ਘਟ ਅੰਤਰ ਇਸ ਜੋਤਿ-ਉਜਿਆਰੇ ਦਾ ਚਾਨਣ ਹੀ ਚਾਨਣ ਪ੍ਰਕਾਸ਼ਿਤ ਹੋ ਗਿਆ, ਇਸ ਪਦ ਤੋਂ ਤਦੋਂ ਆਪਾ ਚੀਨਿਆ ਜਾਂਦਾ ਹੈ। ਆਪਾ ਪਛਾਣਿਆ ਜਾਂਦਾ ਹੈ। ਐਸੇ ਜੋਤਿ-ਜਗੰਨੇ ਭਰਪੂਰ ਲੀਣੇ ਪੂਰੇ ਭਾਂਡੇ, ਪੂਰੀਆ ਜੋਤਿ-ਜਲਵਨੀ ਜੀਵਨੀਆ ਵਾਲੇ ਪੂਰੇ ਗੁਰਮੁਖ ਭਾਂਡੇ ਨਦਰੀ ਵਾਹਿਗੁਰੂ ਤਿਨ੍ਹਾ ਨੂੰ ਉਪਾਇ ਉਪਾਇ ਕੇ ਦੇਖਦਾ ਹੈ ਤੇ ਵਿਗਸਦਾ ਹੈ। ਸਤਿਗੁਰੂ ਦੀ ਦਰਸਾਈ ਗੁਰ-ਮੰਤਰ ਅਭਿਆਸ ਕਮਾਈ ਰੂਪੀ ਸੇਵਾ ਜੋ ਜਨ ਕਰਦੇ ਹਨ ਓਹੀ ਜਨ ਲੇਖੇ ਪੈਂਦੇ ਹਨ। ਤਿਨ੍ਹਾਂ ਪੁਗ ਖਲੋਤੇ ਗੁਰਮੁਖ ਜਨਾ ਦੀ ਨੀਸ਼ਾਨੀ ਹੈ ਕਿ ਨਾਮ ਦੀ ਇਹ ਰਸ ਜੋਤਿ ਜੀਅੰਤਰੀ ਕਾਰ ਤਿਨ੍ਹਾ ਦੇ ਘਟ ਅੰਤਰਿ ਸਦਾ ਹੀ ਵਸੀ ਰਹਿੰਦੀ ਹੈ। ਗੁਰ ਪ੍ਰਸਾਦੀ ਹੀ ਤੋੜ ਨਿਭਦੀ ਹੈ। ਆਨਮੱਤ ਕਰਮ-ਕਾਂਡੀਆ ਦੇ ਸਮੁੱਚੇ ਹੀ ਕਰਮ ਕਾਂਡ ਇਸ ਗੁਰਮਤਿ ਨਾਮ ਅਭਿਆਸਨੀ ਕਾਰ ਦੇ ਸਾਹਮਣੇ ਮਾਤ ਹਨ।

ਹਉਮੈ ਕਰਮ ਕਮਾਵਦੇ ਜਮ ਡੰਡੁ ਲਗੈ ਤਿਨ ਆਇ॥
ਜਿ ਸਤਗੁਰ ਸੇਵਨ ਸੇ ਉਬਰੇ ਹਰਿ ਸੇਤੀ ਲਿਵ ਲਾਇ॥੧॥
ਮਨ ਰੇ ਗੁਰਮੁਖਿ ਨਾਮੁ ਧਿਆਇ॥......
ਧੁਰਿ ਪੂਰਬਿ ਕਰਤੇ ਲਿਖਿਆ
ਤਿਨਾ ਗੁਰਮਤਿ ਨਾਮਿ ਸਮਾਇ॥੧॥ ਰਹਾਉ॥.....
ਮਨ ਹਠ ਕਿਤੇ ਉਪਾਇ ਨ ਛੂਟੀਐ ਸਿਮ੍ਰਿਤ ਸਾਸਤ੍ਰ ਸੋਧਹੁ ਜਾਇ॥
ਮਿਲਿ ਸੰਗਤ ਸਾਧੂ ਉਬਰੇ ਗੁਰ ਕਾ ਸ਼ਬਦ ਕਮਾਇ॥੬॥

(੮॥੨॥੧੮) (ਸ੍ਰੀ ਰਾਗੁ ਮ:੩, ਪੰਨਾ੬੫



www.AKJ.Org

ਵਿਆਖਿਆ– ਜੋ ਲੋਗ ਨਿਰੀ ਆਪਣੀ ਹਉਮੈ ਦੇ ਅਧੀਨ ਹੋ ਕੇ ਮਨ ਹਠ ਕਰਮ ਕਮਾਉਂਦੇ ਹਨ। ਤਿਨ੍ਹਾਂ ਦੀ ਘਾਲ ਅਜਾਈਂ ਜਾਂਦੀ ਹੈ। ਜਮ ਡੰਡ ਤਿਨ੍ਹਾਂ ਦੇ ਸਿਰੋਂ ਉਤਰਦਾ ਹੀ ਨਹੀਂ ਤਿਨ੍ਹਾਂ ਮਨ-ਹਠ ਕਰਮੀਆਂ ਦੇ ਸਿਰਾਂ ਤੇ ਅੰਤੀ ਅਉਸਰ ਜਮਾਂ ਦੇ ਡੰਡੇ ਪੈਂਦੇ ਹਨ। ਤਿਨ੍ਹਾਂ ਜਮਾਂ ਦੀ ਮਾਰ ਮਈ ਸਜ਼ਾ ਜ਼ਰੂਰ ਮਿਲਦੀ ਹੈ, ਟਲਦੀ ਨਹੀਂ। ਕੇਵਲ ਸਤਿਗੁਰੂ ਨੂੰ ਸੇਵਨਹਾਰੇ ਗੁਰੂ ਦੇ ਸਿਖ ਸੇਵਕ ਹੀ ਇਸ ਜਮਾਂ ਦੀ ਮਾਰ ਤੋਂ ਪਰੇ ਹੀ ਰੱਖਦੀ ਹੈ। ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸੱਚੀ ਕਾਰ ਵਾਲੇ ਕਰਮੱਗ ਪ੍ਰਾਣੀ ਨਾਮ ਦੀ ਕਾਰ ਕਮਾਂਵਦੇ ਕਮਾਂਵਦੇ ਨਾਮੀ ਵਾਹਿਗੁਰੂ ਨਾਲ ਹੀ ਲਿਵ ਲਾਇ ਬਹਿੰਦੇ ਹਨ। ਤਿਨ੍ਹਾਂ ਨੂੰ ਜਮਾਂ ਦੀ ਮਾਰ ਕਿੱਥੇ? ਜਮ ਜਗਾਤੀ ਤਾਂ ਤਿਨ੍ਹਾਂ ਦੇ ਨੇੜੇ ਨਹੀਂ ਆਉਂਦੀ, ਦੂਰੋਂ ਹੀ ਦੇਖੇ ਕੇ ਦਉੜ ਜਾਂਦੇ ਹਨ। ਜੀਉ ਤਾਂ ਉਨ੍ਹਾਂ ਦਾ ਕਰਦਾ ਹੈ ਕਿ ਉਨ੍ਹਾਂ ਦਾ ਪਾਣੀ ਭਰਨ। ਪਰ ਭਰਨਾ ਆਉਂਦਾ ਨਹੀਂ । ਗੁਰੂ ਦੁਆਰਾ ਗੁਰ ਦੀਖਿਆ ਨਾਮ ਪ੍ਰਾਪਤਿ ਹੋਇਆ ਵਿਆ ਹੀ ਧਿਆਇਆ ਕਮਾਇਆ ਜਾ ਸਕਦਾ ਹੈ। ਗੁਰ ਸਰੂਪ ਪੰਜ ਗੁਰਮੁਖ ਪਿਆਰਿਆਂ ਦੁਆਰਾ ਦੀਖਸ਼ਾਇਆ ਵਾਹਿਗੁਰੂ ਨਾਮ(ਗੁਰਮਖਿ ਨਾਮ) ਧਿਆਇਆ ਕਮਾਇਆ ਜਾਣ ਕਰਕੇ ਹੀ ਛੁਟਕਾਰਾ ਹੁੰਦਾ ਹੈ। ਕਰਤੇ ਪੁਰਖ ਬਿਧਾਤੇ ਦਾ ਜਿਨ੍ਹਾਂ ਦੇ ਮਸਤਕ ਉਤੇ ਧੁਰਿ ਪੂਰਬਲਾ ਨਦਰ ਕਰੰਮੀ ਲੇਖ ਲਿਖਿਆ ਹੋਇਆ ਹੁੰਦਾ ਹੈ ਓਹੀ ਵਡਭਾਗੇ ਜਨ ਹਨ। ਤਿਨ੍ਹਾਂ ਦੀ ਸਮਾਈ ਗੁਰਮਤਿ ਨਾਮ ਦੀ ਕਮਾਈ ਕਰਦਿਆਂ ਕਰਦਿਆਂ ਗੁਰਮਤਿ ਨਾਮੁ ਵਿਚ ਹੀ ਹੋ ਜਾਂਦੀ ਹੈ। ਹੋਰ ਮਨ ਹਠ ਦੁਆਰੇ ਕਮਾਏ ਕਿਸੇ ਭੀ ਕਰਮ ਦੁਆਰਾ ਛੁਟਕਾਰਾ ਨਹੀਂ ਹੁੰਦਾ। ਤਾਂ ਤੇ ਸਿਮ੍ਰਿਤ-ਸ਼ਾਸਤ੍ਰ ਕਰੰਮੀਆਂ ਦੇ ਸੋਧਣ ਦੀ ਭੀ ਅਵੱਸ਼ ਲੋੜ ਹੈ ਜੋ ਹੁਣ ਤਾਈ ਇਸ ਕਲਜੁਗਿ ਅੰਦਰ ਭੀ ਓਹੀ ਸਿਮ੍ਰਿਤ-ਸ਼ਾਸਤ੍ਰ ਦੇ ਦ੍ਰਿੜਾਏ ਹਠ ਕਰਮ ਕਰੀ ਜਾਂਦੇ ਹਨ। ਇਨ੍ਹਾਂ ਤੇ ਕੱਖ ਭੀ ਨਹੀਂ ਸਉਰਦਾ ਸੰਵਰਦਾ। ਇਨ੍ਹਾਂ ਹਠ ਕਰਮਾਂ ਦੁਆਰਾ ਕਿਸੇ ਦਾ ਭੀ ਉਧਾਰ ਨਹੀਂ । ਗੁਰ ਸੰਗਤਿ ਦੀ ਸ਼ਰਨਾਂਗਤਿ ਆਇਆਂ ਹੀ ਉਧਾਰ ਹੁੰਦਾ ਹੈ, ਖੋਟੇ ਮਨ ਹਠ ਕਰਮਾਂ ਤੋਂ ਉਬਰੀਦਾ ਹੈ। ਗੁਰੂ ਕੀ ਸੰਗਤ ਵਿਖੇ ਪੰਚ ਪਰਵਾਣ ਗੁਰਮੁਖ ਸਾਧ ਜਨ ਮਿਲਦੇ ਹਨ, ਤਿਨ੍ਹਾਂ ਸਾਧੂ ਜਨਾਂ ਦੁਆਰਾ ਹੀ ਗੁਰਮਤਿ ਨਾਮਿ ਦੀ ਪ੍ਰਾਪਤੀ ਹੁੰਦੀ ਹੈ। ਤਿਸ ਗੁਰ-ਦੀਖਆ ਨਾਮ ਗੁਰ-ਸ਼ਬਦ ਦੀ ਕਮਾਈ ਦੁਆਰਾ ਹੀ ਉਧਰਨਾ ਨਸੀਬ ਹੁੰਦਾ ਹੈ। (ਚਲਦਾ)

## ਇਕੀਵੀ ਸਦੀ ਦੇ ਸਿੱਖ ਨੂੰ ਵੰਗਾਰ

*(ਨਿਸ਼ਾਨ ਸਿੰਘ ਗੰਡੀ ਵਿੰਡ)*

ਤੇਰੇ ਪੰਥ ਤੇ ਬਣੀ ਊ ਭੀੜ ਭਾਰੀ, ਕਿਉਂ ਪਿਆ ਤੂੰ ਲੰਮੀਆਂ ਤਾਣ ਸਿੰਘਾਂ?
ਇਨਸਾਨੀਅਤ ਦਾ ਘੁਟਦਾ ਦਮ ਜਾਂਦਾ, ਭਾਰੂ ਹੋਇਆ ਈ ਵੇਖ ਹੈਵਾਨ ਸਿੰਘਾਂ।
ਤੂੰ ਗੈਰਾਂ ਨੂੰ ਆਪਣੇ ਸਮਝ ਬੈਠਾ, ਜੋ ਸ਼ੈਤਾਨਾਂ ਦੇ ਹਨ ਸ਼ੈਤਾਨ ਸਿੰਘਾਂ।
ਤੇਰਾ ਕੜਾ, ਕੰਘਾ ਤੇ ਕੱਛ ਕਿਥੇ ? ਤੇਰੇ ਕਿਥੇ ਹਨ ਦਸਤਾਰ ਕੇਸ ਤੇ ਕ੍ਰਿਪਾਨ ਸਿੰਘਾਂ?
ਛੱਡ ਪੂਜਣਾ ਕਬਰਾਂ ਤੇ ਭੇਖੀਆਂ ਨੂੰ, ਕਰ ਦਸਮੇਸ਼ ਦਾ ਅੰਮ੍ਰਿਤ ਪਾਨ ਸਿੰਘਾ।
ਮੈਂ ਸਿੱਖ ਹਾਂ, ਸਿੱਖੀ ਹੈ ਸ਼ਾਨ ਮੇਰੀ, ਕਰਦੇ ਦੁਨੀਆਂ ਵਿੱਚ ਐਲਾਨ ਸਿੰਘਾਂ।
ਸ਼ਰ੍ਹੇਆਮ ਜੋ ਸਿੱਖੀ ਦਾ ਘਾਣ ਕਰਦੇ, ਤੂੰ ਕਰਦੇ ਤਿਨ੍ਹਾਂ ਦਾ ਘਾਣ ਸਿੰਘਾ।
ਲੰਬੜਦਾਰ ਤੂੰ ਸਿੱਖੀ ਦਾ ਗੁਰਸਿੱਖ, ਹੋਣ ਦੇਈਂ ਨਾ ਸਿੱਖੀ ਵ਼ੀਰਾਨ ਸਿੰਘਾ।
ਰਾਜਨੀਤੀ ਨਾ ਧਾਮ ਤੇ ਹੋਏ ਭਾਰੂ, ਉੱਚਾ ਰੱਖੀਂ ਤੂੰ ਧਰਮ-ਈਮਾਨ ਸਿੰਘਾ।
ਗੁਰਮਤਿ ਰਹਿਤ ਮਰਯਾਦਾ ਨੂੰ ਦ੍ਰਿੜ ਕਰਕੇ, ਕਥਨੀ ਕਰਣੀ "ਚ ਰਹੇਂ ਪੂਰਾ ਮਹਾਨ ਸਿੰਘਾਂ।
ਭੁੱਲਕੇ ਵੀ ਨਸ਼ਾ ਨਾ ਕਰੀਂ ਕੋਈ, ਸਾਭ ਆਪਣੀ ਜਵਾਨੀ ਜਵਾਨ ਸਿੰਘਾਂ।
ਤੇਰੇ ਸਿਰ 'ਦਸਮੇਸ਼' ਦਾ ਕਰਜ਼ ਭਾਰੀ, ਕੀਤਾ ਸਰਬੰਸ ਜਿਨ ਤੇਰੇ ਲਈ ਦਾਨ ਸਿੰਘਾਂ।
"ਗੰਡੀ ਵਿੰਡੀਆ" ਸਿਰ ਲਾ ਪੰਥ ਲੇਖੇ, ਉੱਚਾ ਕਰ ਲਏ ਨਾਮ-ਨਿਸ਼ਾਨ ਸਿੰਘਾਂ।



www.AKJ.Org

# ਪਰ ਦਰਬੈ ਨੋ ਹਥ ਨ ਲਾਵੈ

ਬੰਬਈ-ਐਕਸਪ੍ਰੈਸ ਸ਼ਾਮ ਦੇ ਅੱਠ ਕੁ ਵਜੇ ਸ੍ਰੀ ਅੰਮ੍ਰਿਤਸਰ ਦੇ ਸਟੇਸ਼ਨ 'ਤੇ ਆ ਕੇ ਖੜੀ ਸੀ। ਸਵਾਰੀਆਂ ਹਫੜਾ-ਦਫੜੀ ਵਿਚ ਸਾਮਾਨ ਸਾਂਭਦੀਆਂ ਤੇ ਕੁੱਲੀਆਂ ਨੂੰ ਵਾਜਾ ਦਿੰਦੀਆਂ ਸਨ। ਕੁੱਲੀ ਅਤੇ ਸਾਰੀ ਭੀੜ ਇਧਰ ਉਧਰ ਨੱਠੀ ਭੱਜੀ ਜਾ ਰਹੀ ਸੀ।

ਮੱਧ ਪ੍ਰਦੇਸ਼ ਵਿਚੋਂ ਆਇਆ ਇਕ ਸਿੱਖ-ਮੁਸਾਫ਼ਰ, ਇਕ ਪਾਸੇ ਹੋ ਕੇ ਖੜੋਤਾ, ਇਸ ਸਾਰੀ ਚਹਿਲ-ਪਹਿਲ ਨੂੰ ਮੁਸਕਰਾਂਦੀਆਂ ਨਜ਼ਰਾਂ ਨਾਲ ਵੇਖ ਰਿਹਾ ਸੀ। ਉਹ ਦੂਸਰੇ ਦਰਜੇ ਵਿਚੋਂ ਉਤਰਿਆ ਸੀ। ਗੋਲ ਜਹੀ ਸੁਰਮਈ ਦਸਤਾਰ, ਸਫ਼ਰ ਧੂੜ-ਧਪੇ ਨਾਲ ਮੈਲੇ ਹੋਏ ਕਪੱੜੇ, ਮੋਟੇ ਮੋਟੇ ਸਰੂਰੇ ਨੈਣ ਪਰ ਭੋਲੀ ਜਹੀ ਸੂਰਤ, ਬਹੁਤੀ ਸਾਧਾਰਨਤਾ ਦਾ ਭੁਲੇਖਾ ਪਾਂਦੀ ਸੀ।

ਇਸ ਭੁਲੇਖੇ ਤੋਂ ਦੋ ਟੀ.ਟੀ.(ਟਿਕਟ ਕੁਲੈਕਟਰ) ਉਹਦਾ ਟਿਕਟ ਵੀ ਦੋ ਵਾਰੀ ਵੇਖ ਗਏ ਸਨ। ਜਦੋਂ ਭੀੜ ਜ਼ਰਾ ਹੌਲੀ ਹੋਈ, ਮੁਸਾਫ਼ਰ ਨੇ ਆਪਣਾ ਬਕਸਾ, ਬਿਸਤਰਾ, ਛਿਕੂ ਤੇ ਝੋਲਾ ਆਪ ਗੱਡੀ ਵਿਚੋਂ ਉਤਾਰ ਲਿਆ, ਪਰ ਟੀ.ਟੀ. ਨੇ ਉਹਦੀ ਸਾਦਗੀ ਵਿਚੋਂ ਆਪਣਾ ਕੋਈ ਲਾਲਚ ਪੂਰਾ ਕਰਨਾ ਚਾਹਿਆ। ਉਹਨੇ ਉਹਦਾ ਟਿਕਟ ਫਿਰ ਵੇਖਿਆ ਤੇ ਉਹਦੇ ਸਾਮਾਨ ਨੂੰ ਨੀਯਤ ਵਜ਼ਨ ਨਾਲੋਂ ਵਾਧੂ ਆਖ ਕੇ, ਸਾਮਾਨ ਕੰਡੇ 'ਤੇ ਤੋਲਣ ਲਈ ਲੈ ਜਾਣਾ ਚਾਹਿਆ।

ਮੁਸਾਫ਼ਰ ਨੇ ਸਮਝਿਆ-'ਭਾਰ ਵਾਧੂ ਹੀ ਹੋਣੈ ਨਹੀਂ ਤਾਂ ਇਹਨੂੰ ਏਨੀ ਖੇਚਲ ਕਰਨ ਦੀ ਕੀ ਲੋੜ ਸੀ'। ਟੀ.ਟੀ. ਨੇ ਆਪਣੇ ਮੁਤਲਬ ਦੇ ਕੁੱਲੀ ਨੂੰ ਵਾਜ ਦਿੱਤੀ ਤੇ ਉਸ ਤੋਂ ਚੁਕਵਾ ਕੇ, ਸਾਮਾਨ ਕੰਡੇ 'ਤੇ ਲੈ ਜਾਣ ਲਈ ਆਖਿਆ।

ਅੱਗੇ ਅੱਗੇ ਟੀ.ਟੀ., ਪਿਛੇ ਪਿਛੇ ਮੁਸਾਫ਼ਰ ਤੇ ਕੁੱਲੀ, ਅਜੇ ਪੁਲੀ ਤੇ ਚੜ੍ਹੇ ਹੀ ਸਨ ਕਿ ਕੁੱਲੀ ਨੇ ਸਿੱਖ ਮੁਸਾਫ਼ਰ ਨੂੰ ਕਿਹਾ:

"ਸਰਦਾਰ ਜੀ ! ਦਸ ਰੁਪਏ ਬਾਬੂ ਹੁਰਾਂ ਨੂੰ ਦੇ ਕੇ ਪਰ੍ਹਾਂ ਜਾਨ ਛੁੜਾਉ। ਕੀ ਸਾਮਾਨ ਤੋਲਣ ਦੀ ਬਿਪਤਾ ਕਰਦੇ ਰਹੋਗੇ?"

ਸਿੱਖ ਨੇ ਅਜੇ ਕੁੱਲੀ ਦੀ ਗੱਲ ਪੂਰੀ ਤਰ੍ਹਾਂ ਸੁਣੀ ਵੀ ਨਹੀਂ ਸੀ ਕਿ ਕੁੱਲੀ ਦੀ ਆਖੀ ਗੱਲ ਸੁਣ ਕੇ ਬਾਬੂ ਹੁਰਾਂ ਦੇ ਕਦਮ ਵੀ ਹੌਲੇ ਹੋ ਗਏ। ਪਰ ਅੰਦਰੋਂ ਸਿਆਣੇ ਤੇ ਬਾਹਰੋਂ ਭੋਲੇ ਮੁਸਾਫ਼ਰ ਨੂੰ ਬਾਬੂ ਜੀ ਦਾ ਇਹ ਰਵਈਆ ਬੜਾ ਹੀ ਅਨੁਚਿਤ ਜਾਪਿਆ। ਬਾਬੂ ਜੀ ਦੀ ਇਸ ਲਾਲਚੀ ਬਦ-ਦਿਆਨਤੀ ਨੂੰ, ਦਸ ਰੁਪਏ ਦੇਣੇ, ਮੁਸਾਫ਼ਿਰ ਨੂੰ ਆਪਣੇ ਵਰਗੇ ਹੋਰਨਾਂ ਮੁਸਾਫ਼ਰਾਂ ਲਈ ਮੁਸੀਬਤ ਸਹਾਰਨ ਦਾ ਗੁਨਾਹ ਕਰਨਾ ਜਾਪਿਆ ਤੇ ਜੇਬ ਵਿਚੋਂ ਆਪਣਾ ਖਾਲੀ ਹੱਥ ਬਾਹਰ ਕਢ ਲਿਆ।

ਟੀ.ਟੀ. ਨੇ ਸਾਮਾਨ ਕੰਡੇ ਤੇ ਰਖਵਾਇਆ। ਬਕਸਾ, ਬਿਸਤਰਾ ਤੇ ਫ਼੍ਰੀ ਜਾਣ ਵਾਲੇ ਖਾਣ ਪੀਣ ਦਾ ਸਾਮਾਨ ਵੀ ਟੀ.ਟੀ. ਨੇ ਤੋਲ ਕਢਿਆ ਤੇ ਮੁਸਾਫ਼ਰ ਤੋਂ ਪੰਝੀ ਰੁਪਏ ਵਾਧੂ ਕਿਰਾਇਆ ਉਹਨੇ ਚਾਰਜ ਕਰਨਾ ਚਾਹਿਆ।

ਸਿੱਖ ਅਜੇ ਟੀ.ਟੀ. ਨੂੰ ਪੁੱਛ ਹੀ ਰਿਹਾ ਸੀ ਕਿ ਫ਼੍ਰੀ ਜਾਣ ਵਾਲੀਆਂ ਚੀਜ਼ਾਂ ਵੀ ਤੁਸਾਂ ਕਿਉਂ ਤੋਲ ਲਈਆਂ ਹਨ ? ਕਿ ਸਾਹਮਣਿਉਂ ਇਸ ਨੂੰ ਆਪਣਾ ਇਕ ਰਿਸ਼ਤੇਦਾਰ ਲੈਣ ਲਈ ਆਉਂਦਾ ਦਿਸਿਆ। ਰਿਸ਼ਤੇਦਾਰ ਦੇ ਹੁੰਦਿਆਂ ਮੁਸਾਫ਼ਰ ਨੇ ਟੀ.ਟੀ. ਨਾਲ ਵਿਵਾਦ ਕਰਨਾ ਮੁਨਾਸਬ ਨਾ ਸਮਝਿਆ ਤੇ ਟੀ.ਟੀ. ਨੂੰ ਮੀਮੋ ਕੱਟਣ ਲਈ ਕਿਹਾ।

ਪਰ ਇਹੋ ਜਿਹੇ ਕਈ ਹੋਰ ਮੁਸਾਫ਼ਰ ਵੀ ਸਾਮਾਨ ਤੁਲਵਾ ਰਹੇ ਤੇ ਮੀਮੋ ਕਟਵਾ ਰਹੇ ਸਨ। ਰਿਸ਼ਤੇਦਾਰ ਨੇ ਮੁਸਾਫ਼ਰ ਨੂੰ ਕਿਹਾ-ਤੁਸੀਂ ਮੀਮੋ ਕਟਵਾਉ ਮੈਂ ਰਿਕਸ਼ਾ ਲੈ ਆਵਾਂ !

ਰਿਸ਼ਤੇਦਾਰ ਰਿਕਸ਼ਾ ਲੈਣ ਗਿਆ ਤੇ ਪਿੱਛੋਂ ਟੀ.ਟੀ. ਨੇ ਪੰਝੀ ਰੁਪਏ ਤੇ ਮੀਮੋ ਮੁਸਾਫ਼ਰ ਨੂੰ ਫੜਾ ਦਿੱਤੀ। ਮੁਸਾਫ਼ਰ ਨੇ ਸਮਝਿਆ ਕਿ ਮੇਰਾ ਰਿਸ਼ਤੇਦਾਰ ਟੀ.ਟੀ. ਨੂੰ ਪੰਜਾਹ ਰੁਪਏ ਦੇ ਗਿਆ ਹੋਣੈ। ਤੇ ਉਹ ਆਪੇ ਆਪਣਾ ਸਾਮਾਨ ਚੁਕ ਕੇ ਰਿਕਸ਼ਾ ਕੋਲ ਜਾ ਪਹੁੰਚਿਆ। ਰਿਸ਼ਤੇਦਾਰ ਨੂੰ ਪੰਝੀ ਰੁਪਏ ਵਾਪਸ ਕਰਕੇ ਕਹਿਣ



www.AKJ.Org

ਲੱਗਾ-"ਤੁਸਾਂ ਮੇਰੀ ਥਾਂ ਟੀ.ਟੀ. ਨੂੰ ਪੰਜਾਹ ਰੁਪਏ ਦੇਣ ਦੀ ਕਿਉਂ ਖੇਚਲ ਕੀਤੀ?"

"ਹੈਂ। ਮੈਂ ਤਾ ਟੀ.ਟੀ. ਨੂੰ ਕੋਈ ਪੰਜਾਹ ਰੁਪਏ ਨਹੀਂ ਦਿੱਤੇ।"

"ਤੇ ਫਿਰ ਮੈਨੂੰ ਉਹਨੇ ਇਹ ਪੰਝੀ ਰੁਪਏ ਅਤੇ ਪੰਝੀ ਰੁਪਏ ਦੀ ਮੀਮੋ ਕਿਵੇਂ ਕਟ ਦਿਤੀ" ਮੁਸਾਫ਼ਰ ਨੇ ਕਿਹਾ।

ਇਹ ਗੱਲ ਉਹਨਾਂ ਲਈ ਬੁਝਾਰਤ ਬਣ ਗਈ, ਉਹ ਦੋਵੇਂ ਸੋਚਦੇ ਰਹੇ ਅਨੁਮਾਨ ਲਾਂਦੇ ਰਹੇ ਕਿ ਭੀੜ ਬਹੁਤੀ ਸੀ ਕਿਸੇ ਦੂਜੇ ਮੁਸਾਫ਼ਰ ਦੇ ਦਿਤੇ ਦਸ ਰੁਪਏ ਟੀ.ਟੀ. ਨੇ ਸਾਡੇ ਸਮਝ ਲਏ ਹੋਣੇ ਨੇ। ਉਂਝ ਵੀ ਬਦਦਿਆਨਤੀ ਕਰਨ ਵਾਲਾ • ਬੰਦਾ ਕਾਹਲੀ ਵਿਚ ਭੁਲ ਜਾਂਦਾ ਹੁੰਦੈ।

ਪਹਿਲਾਂ ਤਾਂ ਉਹ ਦੋਵੇਂ ਇਸ ਗੱਲੋਂ ਹੱਸਦੇ ਤੇ ਆਖਦੇ ਰਹੇ ਕਿ ਟੀ.ਟੀ. ਨੂੰ ਆਪਣੀ ਕੀਤੀ ਦਾ ਫਲ ਮਿਲ ਗਿਆ। ਪਰ ਰਿਕਸ਼ੇ ਵਿਚ ਬਹਿ ਕੇ ਜਦੋਂ ਸਿੱਖ ਮੁਸਾਫ਼ਰ ਦੇ ਦਿਲ ਦਾ ਪ੍ਰਵਾਹ, ਆਪਣੇ ਅਸਲੇ-ਸ਼ਹੁ-ਸਾਗਰ ਨਾਲ ਜੁੜਿਆ, ਉਦੋਂ ਉਹਨੂੰ ਇਹ ਪੰਜਾਹ ਰੁਪਿਆ ਦਾ ਨੋਟ ਏਦਾ ਪ੍ਰਤੀਤ ਹੋਣ ਲੱਗਾ ਜਿਵੇਂ ਉਹਦਾ ਸਰੀਰ, ਵਸਤਰ, ਕੋਟ ਦੀ ਜੇਬ ਤੇ ਜੇਬ ਵਿਚ ਪਏ ਸਾਰੇ ਨੋਟ ਗੰਦਗੀ ਨਾਲ ਭਰੇ ਗਏ ਹੋਣ।

ਉਹਨੇ ਰਿਕਸ਼ਾ ਵਾਲੇ ਨੂੰ ਖੜੇ ਹੋਣ ਲਈ ਕਿਹਾ ਤੇ ਰਿਕਸ਼ਾ ਤੋਂ ਉਤਰ ਕੇ ਰਿਸ਼ਤੇਦਾਰ ਨੂੰ ਕਿਹਾ:

'ਤੁਸੀਂ ਜੀ ਇਥੇ ਠਹਿਰੋ, ਮੈਂ ਹੋਣੇ ਆਉਂਦਾ ਹਾਂ।'

'ਕਿਉਂ ? ਕਿਥੇ ਜਾਣੈ ਤੁਸਾਂ ?'

"ਇਹ ਪੰਜਾਹ ਰੁਪਏ ਕਿਸੇ ਗ਼ਰੀਬ ਦੇ ਹੋਣੇ ਨੇ ਤੇ ਟੀ.ਟੀ. ਨੇ ਮੈਨੂੰ ਮੋੜ ਦਿਤੇ। ਮੈਂ ਰੁਪਏ ਟੀ.ਟੀ. ਨੂੰ ਵਾਪਸ ਕਰਨ ਜਾਣਾ ਚਾਹੁੰਦਾ ਹਾਂ।"

"ਛਡੋ ਜੀ। ਪਰੇ ਤੁਸੀਂ ਇਸ ਗੱਲ ਨੂੰ। ਜਿਸ ਕਿਸੇ ਅਮੀਰ ਜਾਂ ਗਰੀਬ ਦੇ ਇਹ ਪੰਜਾਹ ਰੁਪਏ ਹੋਏ ਟੀ.ਟੀ. ਆਪੇ ਉਹਨੂੰ ਮੋੜਦਾ ਫਿਰੇਗਾ।"

"ਇਹ ਜਿਹੇ ਬੁਰੇ ਲੋਕਾਂ ਨਾਲ ਇਹੋ ਜਿਹਾ ਵਰਤਾਉ ਹੀ ਹੋਣਾ ਚਾਹੀਦੈ। ਤੁਸਾਡੇ ਨਾਲ ਉਹਨੇ ਕਿੰਨੀ ਜ਼ਿਆਦਤੀ ਕੀਤੀ, ਕੀ ਉਹਨੂੰ ਏਦਾਂ ਕਰਨਾ ਵਾਜਬ ਸੀ"

ਸਾਰੀ ਗੱਲ ਸੁਣ ਸਮਝ ਕੇ ਰਿਕਸ਼ਾ ਵਾਲੇ ਨੇ ਵੀ ਰੁਪਏ ਵਾਪਸ ਨਾ ਕਰਨ ਦੀ ਹਾਮੀ ਭਰੀ ਪਰ ਸਿੱਖ ਨੇ ਆਖਿਆ:

"ਜੀ। ਇਹ ਪੰਜਾਹ ਰੁਪਏ ਜੇਬ ਵਿਚ ਪਾ ਕੇ, ਗੁਰੂ ਰਾਮ ਦਾਸ ਜੀ ਦੇ ਦਰਬਾਰ ਵੱਲ ਮੈਥੋਂ ਤਾਂ ਮੂੰਹ ਨਹੀਂ ਕੀਤਾ ਜਾਂਦਾ।"

"ਵਾਹ। ਕਮਾਲ॥ ਸ਼ਾਬਾਸ਼ੇ ਤੇਰੇ॥। ਉਇ ਸੋਹਣਿਆਂ ਸਰਦਾਰਾ। ਰਿਕਸ਼ੇ ਵਾਲੇ ਨੇ ਕਿਹਾ ਤੇ ਉਹਨੇ ਰਿਕਸ਼ਾ ਮੋੜ ਕੇ ਮੁਸਾਫ਼ਰਖਾਨੇ ਜਾ ਖੜੀ ਕੀਤੀ ਤੇ ਉਹ ਦੋਵੇਂ ਸਰਦਾਰ ਉਤਰ ਕੇ ਬੁਕਿੰਗ ਆਫ਼ਿਸ ਵੱਲ ਚਲੇ ਗਏ। ਪਰ ਆਫ਼ਿਸ ਖਾਲੀ ਸੀ ਤੇ ਪਲੇਟਫਾਰਮ ਨੰਬਰ ਇਕ ਤੇ ਜੁੜੀ ਭੀੜ ਵਿਚ ਬੜਾ ਰੌਲਾ ਪੈ ਰਿਹਾ ਸੀ। ਇਹੋ ਮਾਮਲਾ ਸਟੇਸ਼ਨ ਮਾਸਟਰ ਤਕ ਜਾ ਪਹੁੰਚਾ। ਇਕ ਮੁਸਾਫ਼ਰ ਦੇ ਦਿਤੇ ਪੰਜਾਹ ਰੁਪਿਆਂ ਤੋਂ ਟੀ.ਟੀ. ਇਨਕਾਰ ਕਰਦਾ ਸੀ ਤੇ ਮੁਸਾਫ਼ਰ ਉਹਦੇ ਵਿਰੁੱਧ ਉਚੀ ਉਚੀ ਬੋਲ ਰਿਹਾ ਸੀ।

ਮੁਸਾਫ਼ਰ ਨੇ ਆਪਣੇ ਰਿਸ਼ਤੇਦਾਰ ਨੂੰ ਪੰਜਾਹ ਦਾ ਨੋਟ ਦੇ ਕੇ ਕਿਹਾ ਕਿ 'ਚੁਪ ਕਰਕੇ ਪੰਜਾਹ ਰੁਪਏ ਸਟੇਸ਼ਨ ਮਾਸਟਰ ਨੂੰ ਦੇ ਆਓ'।

"ਰਿਸ਼ਤੇਦਾਰ ਭੀੜ ਨੂੰ ਚੀਰ ਕੇ ਸਟੇਸ਼ਨ ਮਾਸਟਰ ਦੀ ਕੁਰਸੀ ਕੋਲ ਜਾ ਖੜੋਤਾ ਤੇ ਉਹਨੂੰ ਪੰਜਾਹ ਦਾ ਨੋਟ ਦੇ ਕੇ ਕਿਹਾ:

'ਜੀ। ਟੀ.ਟੀ. ਨੇ ਗਲਤੀ ਨਾਲ ਇਹ ਪੰਜਾਹ ਰੁਪਏ ਮੇਰੇ ਮਹਿਮਾਨ ਦੇ ਸਮਝ ਕੇ ਉਹਨੂੰ ਦੇ ਦਿਤੇ ਸਨ, ਜਿਸ ਦੇ ਇਹ ਰੁਪਏ ਹੋਣ ਤੁਸੀਂ ਉਹਨੂੰ ਵਾਪਸ ਕਰ ਦਿਉ।"

ਏਨੀ ਗੱਲ ਸੁਣ ਕੇ ਬਲਦੀ ਉਤੇ ਪਾਣੀ ਪੈ ਗਿਆ, ਟੀ.ਟੀ. ਸਾਰੀ ਭੀੜ, ਅਤੇ ਪੰਜਾਹ ਰੁਪਿਆਂ


www.AKJ.Org

ਦਾ ਨੋਟ ਦੇਣ ਵਾਲਾ ਦੂਜਾ ਮੁਸਾਫ਼ਰ ਸ਼ਾਂਤ ਹੋ ਗਏ। ਸਟੇਸ਼ਨ ਨੇ ਪੁਛਿਆ. "ਸਰਦਾਰ ਜੀ । ਉਹ ਤੁਹਾਡਾ ਮਹਿਮਾਨ ਕਿਥੈ ਹੈ ? ਜ਼ਰਾ ਉਹਨੂੰ ਮੇਰੇ ਕੋਲ ਲੈ ਆਓ।"

ਪਰ ਉਹ ਤਾਂ ਪੰਜਾਹ ਰੁਪਏ ਆਪਣੇ ਰਿਸ਼ਤੇਦਾਰ ਨੂੰ ਦੇ ਕੇ ਆਪ ਰਿਕਸ਼ੇ ਉਤੇ ਜਾ ਬੈਠਾ ਸੀ।

ਸਟੇਸ਼ਨ ਮਾਸਟਰ, ਟੀ.ਟੀ. ਅਤੇ ਭੀੜ ਨੇ ਉਸ ਨੂੰ ਵੇਖਣਾ ਚਾਹਿਆ। ਸਾਰੇ ਰਿਕਸ਼ੇ ਪਾਸ ਚਲੇ ਗਏ। ਭੀੜ ਨੂੰ ਵੇਖ ਕੇ ਮੁਸਾਫ਼ਰ ਸਭ ਅਗੇ ਹੱਥ ਜੋੜਦਾ ਸੀ, ਉਹਦੇ ਹੋਂਠ ਫਰਕਦੇ ਸਨ। ਅੱਖਾਂ 'ਤੇ ਮੂੰਹ ਮੱਥੇ ਦੇ ਨਕਸ਼ਾਂ 'ਚੋਂ ਨਿਮਰਤਾ ਨਿਰਮਾਨਤਾ ਵਰ੍ਹਦੀ ਜਾਪਦੀ ਸੀ। ਕਿਸੇ ਕੋਲ ਖੜੋਤੇ ਨੇ ਉਹਨਾਂ ਹੋਂਠਾਂ 'ਚੋਂ ਨੀਵੀਂ ਨਿਕਲਦੀ ਸੁਣੀ। ਉਹ ਸਿੱਖ ਇਸ ਗੱਲ ਦੇ ਗਰਬ ਅਹੰਕਾਰ ਦੀ ਤਿਲਕਣਬਾਜ਼ੀ ਤੋਂ ਬਚਣ ਦਾ ਜਤਨ ਕਰ ਰਿਹਾ ਸੀ।

"ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ ॥
ਚੋਰ ਯਾਰ ਜੂਆਰ ਹਉ ਪਰ ਘਰ ਜੋਹੰਦਾ ॥
— — —
ਸਿਮਰ ਮੁਰੀਦਾ ਢਾਡੀਆ ਸਤਿਗੁਰ ਬਖਸ਼ੰਦਾ ॥"

ਪਰ ਇਸ 'ਪਟ ਅੰਦਰ ਤੇ ਬਾਹਰ ਗੁਦੜ' ਨੂੰ ਕਈ ਅੱਖਾਂ ਵੇਖ ਰਹੀਆਂ ਸਨ, ਕਈ ਵੇਖਣਾ ਚਾਹੁੰਦੀਆਂ ਸਨ। ਉਸ ਦੇ ਇਸ ਨਿਰਾਲੇ ਕਾਰਨਾਮੇ ਵਾਂਗ ਉਹਦੀ ਸੂਰਤ ਤੇ ਸੀਰਤ ਨੇ ਸਿੱਖ ਸਟੇਸ਼ਨ ਮਾਸਟਰ ਨੂੰ ਬੜਾ ਪ੍ਰਭਾਵਿਤ ਕੀਤਾ। ਤੇ ਉਹ ਦੂਰੋਂ ਹੀ ਸਿਖ ਦੀ ਸੋਹਣੀ ਸਖਸ਼ੀਅਤ ਨੂੰ ਪ੍ਰਣਾਮ ਕਰਕੇ, ਤੇ ਉਸ ਦੇ ਰਿਸ਼ਤ੍ਹੇਦਾਰ ਨੂੰ ਪਿਆਰ ਨਾਲ ਜੱਫੀ ਵਿਚ ਲੈ ਕੇ ਆਪਣੇ ਕਮਰੇ ਵਿਚ ਲੈ ਗਿਆ ਤੇ ਪੁੱਛਿਆ:

"ਇਹ ਕੌਣ ਏ ?"

"ਇਹ ਅਕਾਲੀ ਏ, ਪ੍ਰਾਚੀਨ ਖਾਲਸੇ ਦਾ ਨਮੂਨਾ, ਅਜੋਕੇ ਸਿੱਖ ਜੀਵਨ ਦੀ ਸ਼ਾਨ ਤੇ ਕੌਮ ਦਾ ਮਾਨ ਏ। ਇਹ ਕਦੇ ਜੇਲ੍ਹ ਦਾ ਤਪੀਸ਼ਰ ਹੁੰਦਾ ਸੀ, ਸਿਮਰਨ ਦੀ ਸਾਧਨਾ ਕਰਦਾ ਰਿਹਾ, ਸਿਮਰਨ ਨੇ ਇਹਦਾ ਸਦਾਚਾਰ ਪਾਵਨ ਕਰ ਦਿਤਾ ਤੇ ਸਦਾਚਾਰ ਦੀ ਪਾਵਨਤਾ ਨੇ ਇਹਨੂੰ ਸਿਮਰਨ ਨਾਲ ਜੋੜੀ ਰਖਿਆ। ਪਰ ਸਿਮਰਨ ਤੇ ਸਦਾਚਾਰ ਦੇ ਸੰਗਮ ਨੇ ਇਹਨੂੰ, ਇਹ ਕੁਝ ਬਣਾ ਦਿੱਤਾ, ਜਿਹਦਾ ਸਤਿਕਾਰ ਕਰਨਾ ਤੇ ਕਰਦੇ ਰਹਿਣਾ ਮਨੁੱਖ ਮਾਤਰ ਦੀ ਮਜਬੂਰੀ ਹੋ ਜਾਂਦੀ ਏ ?"

"ਇਹਦੀ ਕਿਰਤ ਕੀ ਏ ?"

"ਪਹਿਲਾ ਅਕਾਲੀ ਅੰਦੋਲਨ ਵੇਲੇ ਜੇਲ੍ਹ ਭੁਗਤਦਾ ਰਿਹਾ। ਹੁਣ ਨਾਗਪੁਰ ਤੇ ਇਟਾਰਸੀ ਦੇ ਜੰਗਲਾਂ ਵਿੱਚ ਲਕੜੀ ਦਾ ਠੇਕੇਦਾਰ ਏ।"

"ਪਰ ਇਹ ਆਪ ਦਾ ਰਿਸ਼ਤੇਦਾਰ ਏ?"

"ਹਾਂ ਜੀ ਰਿਸ਼ਤੇਦਾਰ ਤਾਂ ਹੈ, ਪਰ ਇਹ ਆਪਣਾ ਨਮੂਨਾ ਆਪ ਏ। ਜ਼ਰਾ ਇਸ ਦੀਆਂ ਅੱਖਾਂ ਵੱਲ ਵੇਖੋ, ਇਹਦੀਆਂ ਹਰਕਤਾਂ ਵੱਲ ਧਿਆਨ ਮਾਰੋ, ਇਹਦੇ ਸਭਿਆਚਾਰ ਅਤੇ ਵਰਤੋਂ ਵਿਹਾਰ ਨੂੰ ਜ਼ਰਾ ਜਿੰਨਾ ਖੁਰਚ ਕੇ ਵੇਖੋ, ਹੇਠੋਂ ਖ਼ਾਲਿਸ-ਸ਼ੁੱਧ-ਇਨਸਾਨੀਅਤ ਆਪ ਨੂੰ ਚਮਕਾਂ ਮਾਰਦੀ ਦਿਸ ਪਵੇਗੀ।"

ਏਨੀ ਗੱਲ ਆਖ, ਜਦੋਂ ਮੁਸਾਫ਼ਰ ਦਾ ਰਿਸ਼ਤੇਦਾਰ ਬਾਹਰ ਆਇਆ, ਰਿਕਸ਼ੇ ਕੋਲ ਖੜਾ ਉਹੋ ਟੀ.ਟੀ. ਹੱਥ ਜੋੜ ਕੇ ਕਹਿ ਰਿਹਾ ਸੀ:

"ਮਨੁਖੀ ਹਿਰਦੇ ਦੇ ਪੂਜਯ ਸਰਦਾਰ ਸਾਹਿਬ । ਮੈਂ ਕਿਹੜੀ ਜ਼ਬਾਨ ਨਾਲ ਤੇਰਾ ਸ਼ੁਕਰੀਆ ਕਰਾਂ, ਤੂੰ ਤਾਂ ਮੈਨੂੰ ਸਜ਼ਾ-ਜੁਰਮਾਨਾ ਹੋਣੋਂ ਅਤੇ ਮੁਅੱਤਲ ਕੀਤੇ ਜਾਣੋਂ ਬਚਾ ਲਿਆ।"

ਮੁਸਾਫ਼ਰ ਨੇ ਟੀ.ਟੀ. ਨੂੰ ਸਿਰਫ ਇਤਨਾ ਜਵਾਬ ਦਿੱਤਾ:

"ਕੋਈ ਨਹੀਂ ਸਜਣ ਜੀ। ਜ਼ਿੰਦਗੀ ਵਿੱਚ ਇਹੋ ਜਿਹੇ ਹਾਦਸੇ ਕਦੇ ਆ ਈ ਜਾਂਦੇ ਹਨ। ਜੀਵਨ ਨਾ ਹੀ ਨੇਕੀ ਬਦੀ ਦੇ ਮੇਲ ਦਾ ਹੈ ਪਰ ਜੀਵਨ ਦੀ ਸਫਲਤਾ ਰੱਬ ਅਤੇ ਰੱਬ ਦੀ ਖਲਕਤ ਨੂੰ ਇਕ ਜਾਣਨ ਅਤੇ ਇਹ ਏਕਤਾ ਮਾਣਨ ਤੋਂ ਹੁੰਦੀ ਹੈ। (ਸਿਖ ਮਿਸ਼ਨਰੀ ਕਾਲਜ)



www.AKJ.Org

# ਮਈ ਮਹੀਨੇ ਦੇ ਕੁਝ ਮਹੱਤਵਪੂਰਨ ਦਿਹਾੜੇ

ਮਈ ੧ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਸਿੱਧ ਤੇ ਬਹਾਦਰ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਪਠਾਨਾ ਨਾਲ ਲੜਦੇ ਹੋਏ ਜਮਰੌਦ ਵਿਚ (੧੮੩੭ ਈ:) ਵਿਚ ਫੱਟੜ ਹੋ ਗਏ ਤੇ ਅਗਲੇ ਦਿਨ ਸ਼ਹੀਦੀ ਪਾ ਗਏ। ਸ: ਨਲਵਾ ਦਾ ਜਨਮ (੧੭੮੧ ਈ:) ਸਰਦਾਰ ਗੁਰਦਿਆਲ ਸਿੰਘ ਉਪਲ ਦੇ ਘਰ, ਮਾਤਾ ਧਰਮ ਕੌਰ ਜੀ ਦੀ ਕੁਖੋਂ ਗੁਜਰਾਵਾਲੇ ਹੋਇਆ। ਨੌਜਵਾਨ ਹੋਣ ਤੇ ਇਨ੍ਹਾ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫੌਜ਼ ਵਿਚ ਭਰਤੀ ਹੋ ਕੇ ਬਹਾਦਰੀ ਦੇ ਬੜੇ ਜੌਹਰ ਵਿਖਾਏ, ਜਿਸ ਕਰਕੇ ਮਹਾਰਾਜੇ ਨੇ ਇਨ੍ਹਾਂ ਨੂੰ ਕਸ਼ਮੀਰ, ਹਜ਼ਾਰਾ, ਤੇ ਪਿਸ਼ਾਵਰ ਦਾ ਗਵਰਨਰ (ਹਾਕਮ) ਸਥਾਪਿਤ ਕੀਤਾ। ਸਰਹਦੀ ਪਠਾਣ ਹੁਣ ਤੱਕ ਨਲਵਾ ਦੇ ਨਾ ਤੋਂ ਭੈਅ ਖਾਂਦੇ ਹਨ।

ਮਈ ੨ ਸਕੰਦਰ ਬਲਦੇਵ ਸਿੰਘ ਪੈਕਟ ੧੯੪੦ ਈ: ਨੂੰ ਹੋਇਆ।

ਮਈ ੩ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ (੧੭੧੮ ਈ:)।

ਮਈ ੪ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਦਾ ਜਨਮ (ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਪੁੱਤਰ ਸਨ) ਮਾਤਾ ਸੁੰਦਰੀ ਜੀ ਦੀ ਕੁਖੋਂ ੧੬੮੬ ਈ: ਨੂੰ ਪਾਉਂਟਾ ਸਾਹਿਬ ਵਿਖੇ ਹੋਇਆ। ਆਪ ਅਣਖੀਲੇ, ਜੰਗਜੂ ਤੇ ਸੁੰਦਰ ਜਵਾਨ ਸਨ। ੨੨ ਦਸੰਬਰ, ੧੭੦੪ ਈ: ਨੂੰ ਚਮਕੌਰ ਸਾਹਿਬ ਦੀ ਜੰਗ ਵਿਚ ਅਨੇਕਾ ਵੈਰੀਆ ਦੀ ਮੁਕਾਬਲਾ ਕਰਕੇ ਸ਼ਹੀਦ ਹੋਏ।

ਮਈ ੫ (ੳ) ਪ੍ਰਕਾਸ਼ ਦਿਵਸ- ਸ੍ਰੀ ਗੁਰੂ ਅਮਰਦਾਸ ਜੀ (੧੪੭੯ ਈ:) ।
(ਅ) ਕੰਵਰ ਨੌਨਿਹਾਲ ਸਿੰਘ ਨੇ ਪਿਸ਼ਾਵਰ ਉੱਤੇ ਕਬਜ਼ਾ ਕਰਕੇ ਬਾਲਾ ਹਿਸਾਰ ਦੇ ਕਿਲ੍ਹੇ ਉੱਤੇ ਖਾਲਸਾਈ ਨਿਸ਼ਾਨ ਝੁਲਾਇਆ ਤੇ ਉਸ ਦਾ ਨਾਮ ਸੁਮੇਰਗੜ੍ਹ ਰੱਖਿਆ। (੧੮੩੪ ਈ:)।

ਮਈ ੬ (ੳ) ਬਾਬਾ ਬੀਰ ਸਿੰਘ ਨੌਰੰਗਾਬਾਦ- ਸਿੱਖ ਰਾਜ ਸਮੇਂ ਦੇ ਮਹਾਨ ਸੰਤ ਤੇ ਉੱਚ ਪਾਏ, ਦੀ ਸ਼ਖਸੀਅਤ ਜਿਨ੍ਹਾਂ ਦਾ ਕਤਲ ਰਾਜਾ ਹੀਰਾ ਸਿੰਘ ਡੋਗਰੇ ਨੇ ਲਾਹੌਰ ਦੀ ਫੌਜ ਭੇਜ ਕੇ ਬੜੀ ਬੇਦਰਦੀ ਨਾਲ ਕਰਵਾਇਆ(੧੮੪੫ ਈ:) ।
(ਅ) ਪਿਸ਼ਾਵਰ ੧੮੩੪ ਈ: ਨੂੰ ਖਾਲਸਾ ਰਾਜ ਵਿਚ ਪੂਰੀ ਤਰ੍ਹਾਂ ਸ਼ਾਮਲ ਕੀਤਾ ਗਿਆ।

ਮਈ ੧੦ (ੳ) ਕਾਂਗਰਸ ਵਲੋਂ ਆਰੰਭ ਕੀਤੀ ਸਿਵਲ ਨਾ-ਫੁਰਮਾਨੀ ਲਹਿਰ ਵਿਚ ਹਿੱਸਾ ਲੈ ਰਹੇ ਪਠਾਣਾ ਤੇ ਕਿਸਾਖਾਨੀ ਬਾਜ਼ਾਰ (ਪਿਸ਼ਾਵਰ) ਵਿਚ ਅੰਗਰੇਜ਼ ਸਰਕਾਰ ਨੇ ਗੋਲੀ ਚਲਾਈ, ਜਿਸ ਕਾਰਣ ਸਾਰੇ ਪਾਸੇ ਰੋਹ ਫੈਲ ਗਿਆ। ਪਠਾਣਾ ਨਾਲ ਹਮਦਰਦੀ ਕਰਦਿਆ ਉਨ੍ਹਾ ਦੀ ਹਿਮਾਇਤ ਲਈ ਮਾਸਟਰ ਤਾਰਾ ਸਿੰਘ ਜੀ ੧੦੦ ਅਕਾਲੀ ਸੂਰਮਿਆਂ ਦਾ ਜੱਥਾ ਲੈ ਕੇ ਸ੍ਰੀ ਅਮ੍ਰਿਤਸਰ ਤੋਂ ਪਿਸ਼ਾਵਰ ਨੂੰ ੧੦ ਮਈ, ੧੯੩੦ ਈ: ਨੂੰ ਚੱਲ ਪਏ। ਮਾਸਟਰ ਜੀ ਨੂੰ ਲਾਹੌਰ ਪੁੱਜਣ ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਜਥੇ ਦੇ ਬਾਕੀ ਸਿੰਘਾਂ ਨੂੰ ਜੇਹਲਮ ਦਰਿਆ ਦੇ ਪੁੱਲ ਤੇ ਮਾਰ ਕੁਟਾਈ ਕਰਨ ਉਪਰੰਤ ਗ੍ਰਿਫ਼ਤਾਰ ਕਰਕੇ ਜੇਹਲਮ ਜੇਲ੍ਹ ਵਿਚ ਰੱਖਿਆ ਗਿਆ ਸੀ।
(ਅ) ਪੰਜਾਬੀ ਸੂਬਾ ਜ਼ਿੰਦਾਬਾਦ ਦਾ ਮੋਰਚਾ ਆਰੰਭ (੧੯੫੫ ਈ:)।

ਮਈ ੧੧ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਪੰਜ ਸੌ ਸਾਲਾ ਜਨਮ ਸ਼ਤਾਬਦੀ ਗੋਇੰਦਵਾਲ ਵਿਖੇ (੧੯੫੫ ਈ:) ਸਮੁੱਚੇ ਪੰਥ ਨੇ ਬੜੀ ਸ਼ਰਧਾ ਨਾਲ ਮਨਾਈ।

ਮਈ ੧੨ ਛਾਪੜ ਛੋੜੀ ਦੀ ਜੰਗ ੧੭੧੦ ਈ: ਨੂੰ ਹੋਈ। ਵਜ਼ੀਰ ਖਾਨ ਜਿਸ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਿਆ ਸੀ, ਦਾ ਕਤਲ ਹੋਇਆ।

ਮਈ ੧੫ ਲਾਹੌਰ ਤੇ ਸਿੰਘਾ ਦਾ ਕਬਜ਼ਾ (੧੭੬੫ ਈ:)।

ਮਈ ੧੬ (ੳ) ਮਿਸਲ ਭੰਗੀਆਂ-ਬਾਰਾਂ ਸਿੱਖ ਮਿਸਲਾਂ ਵਿਚੋਂ ਇਕ ਮਿਸਲ, ਜਿਸ ਨੂੰ ਸਰਦਾਰ ਛੱਜੂ ਸਿੰਘ ਪਿੰਡ ਪੰਜਵੜ, ਜ਼ਿਲ੍ਹਾ ਅੰਮ੍ਰਿਤਸਰ ਨੇ ੧੭੪੮ ਈ: ਵਿਚ ਕਾਇਮ ਕੀਤਾ। ਸਰਦਾਰ ਹਰੀ



www.AKJ.Org

ਸਿੰਘ ਅਤੇ ਭੂਮਾ ਸਿੰਘ ਆਦਿ ਇਸ ਮਿਸਲ ਦੇ ਆਗੂਆ ਨੇ ੧੭੬੫ ਈ: ਵਿਚ ਲਾਹੌਰ ਤੇ ਕਬਜ਼ਾ ਕੀਤਾ। ਅੰਬਾਲਾ ਅੰਮ੍ਰਿਤਸਰ ਦਾ ਕੁੱਝ ਹਿੱਸਾ ਵੀ ਇਸ ਮਿਸਲ ਦੇ ਅਧੀਨ ਸੀ।

(ਅ) ਮਹਾਰਾਣੀ ਜਿੰਦਾ ੧੮੪੮ ਈ: ਬਨਾਰਸ ਵਿਚ ਨਜ਼ਰਬੰਦ।

ਮਈ ੧੭ ਨਿਰੰਕਾਰੀ ਲਹਿਰ ਦੇ ਮੋਢੀ ਬਾਬਾ ਦਿਆਲ ਸਿੰਘ ਜੀ ਦਾ ਜਨਮ (੧੭੮੩ਈ:)।

ਮਈ ੧੯ ਕ੍ਰਿਪਾਨ ਦੀ ਆਜ਼ਾਦੀ (੧੯੧੯ ਈ:) ਇਸ ਦਿਨ ਸਿੱਖਾਂ ਨੇ ਬਰਤਾਨਵੀ ਸਰਕਾਰ ਵਲੋਂ ਕ੍ਰਿਪਾਨ (ਸਿੰਘਾਂ ਦਾ ਧਾਰਮਿਕ ਚਿੰਨ੍ਹ) ਉੱਪਰ ਲਗਾਈ ਪਾਬੰਦੀ ਵਿਰੁੱਧ ਬਹੁਤ ਸਾਰੀਆਂ ਕੁਰਬਾਨੀਆਂ ਤੋਂ ਪਿਛੋਂ ਜਿੱਤ ਪ੍ਰਾਪਤ ਕੀਤੀ ਅਤੇ ਅੰਗਰੇਜ਼ ਸਰਕਾਰ ਨੇ ਸਿੱਖਾਂ ਉੱਤੇ ਭਾਰਤ ਤੇ ਬਰਮਾ ਵਿਚ ਸਮੇਤ ਹਥਿਆਰਬੰਦ ਸੈਨਾਵਾਂ ਦੇ ਕ੍ਰਿਪਾਨ ਤੇ ਲੱਗੀ ਪਾਬੰਦੀ ਹਟਾਈ।

ਮਈ ੨੦ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ੧੯੧੨ ਈ: ਨੂੰ ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ ਲਿਖਣਾ ਸ਼ੁਰੂ ਕੀਤਾ।

ਮਈ ੨੨ (ੳ) ਪਾਉਂਟਾ ਸਾਹਿਬ ਵਿਖੇ ੧੯੬੪ ਈ: ਨੂੰ ੧੧ ਸਿੰਘ ਗੁਰਦੁਆਰਾ ਸਾਹਿਬ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਂਦੇ ਸ਼ਹੀਦੀਆਂ ਪਾ ਗਏ।

(ਅ) ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫ਼ਤਹਿ ਕੀਤਾ (੧੭੧੦ ਈ:)।

ਮਈ ੩੦ (ੳ) ਸ੍ਰੀ ਗੁਰੂ ਅਰਜਨ ਦੇਵ ਜੀ ਪਾਤਸ਼ਾਹੀ ਪੰਜਵੀਂ ੧੬੦੬ ਈ: ਵਿਚ ਜਹਾਂਗੀਰ ਦੇ ਹੁਕਮ ਨਾਲ ਸ਼ਹੀਦ ਕਰ ਦਿੱਤੇ ਗਏ। ਗੁਰੂ ਸਾਹਿਬ ਨਾਮ ਬਾਣੀ ਦੇ ਬੋਹਿਥ ਹੋਣ ਕਰਕੇ ਆਪਣੇ ਸਮੇਂ ਦੇ ਅਦੁੱਤੀ ਧਾਰਮਿਕ ਆਗੂ ਸਨ।ਗੁਰੂ ਜੀ ਨੇ ੧੫੮੭ ਈ: ਵਿਚ ਸੰਤੋਖਸਰ, ੧੫੮੯ ਈ: ਵਿਚ ਸ੍ਰੀ ਹਰਿਮੰਦਰ ਸਾਹਿਬ, ੧੫੯੦ ਈ: ਵਿਚ ਦਰਬਾਰ ਸਾਹਿਬ ਤੇ ਸਰੋਵਰ ਤਰਨ ਤਾਰਨ, ੧੫੯੪ ਈ: ਵਿਚ ਕਰਤਾਰਪੁਰ (ਜਲੰਧਰ) ਵਸਾਇਆ ਅਤੇ ੧੬੦੪ ਈ: ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ ਸੀ।

(ਅ) ਬੇਦੀ ਕਰਤਾਰ ਸਿੰਘ ਨੇ ੧੯੨੪ ਈ: ਵਿਚ ਅਕਾਲ ਤਖ਼ਤ ਸਾਹਿਬ ਤੇ ਹਾਜ਼ਰ ਹੋ ਕੇ ਖਿਮਾ ਮੰਗੀ।

ਪੰਨਾ ੯ ਦਾ ਬਾਕੀ .......

ਅਤੇ ਜੇ ਮੇਰੀ ਸਿਫ਼ਾਰਸ਼ ਤੇ ਅਮਲ ਨਾ ਕੀਤਾ ਤਾਂ ਤੇਰੀ ਸਲਤਨਤ ਅਤੇ ਖ਼ਾਨਦਾਨ ਤਬਾਹ ਹੋ ਜਾਵੇਗਾ । ਤੇ ਤੇਰੇ ਤਖ਼ਤ ਦਾ ਦੁਨੀਆਂ ਤੋਂ ਨਾਮੋ-ਨਿਸ਼ਾਨ ਮਿਟ ਜਾਵੇਗਾ ਆਦਿ।

ਸਾਰ ਅੰਸ਼ ਇਸ ਉਪਰ ਦਿੱਤੀ ਵਾਰਤਾ ਦਾ ਇਹ ਨਿਕਲਦਾ ਹੈ ਕਿ ਅਸੀਂ ਗੁਰੂਆਂ ਨੂੰ ਗੁਰੂ ਆਖਦੇ ਜ਼ਰੂਰ ਹਾਂ ਪਰ ਉਨ੍ਹਾਂ ਦੀਆਂ ਕਰਨੀਆਂ ਤੇ ਸ਼ੱਕ ਕਰਦੇ ਰਹਿੰਦੇ ਹਾਂ। ਸੁਖਮਨੀ ਵਿਚ ਵਾਕ ਹੈ - "ਬ੍ਰਹਮ ਗਿਆਨੀ ਆਪ ਪ੍ਰਮੇਸਰ॥" ਤਾਂ ਫਿਰ ਪ੍ਰਮੇਸਰ ਦੇ ਕੀਤੇ ਕੰਮਾਂ ਨੂੰ ਇਕ ਸਧਾਰਨ ਮਨੁੱਖ ਦੇ ਤੁਲ ਆਖਣਾ ਅਤੇ ਗਲਤ ਪ੍ਰਚਾਰਨਾ ਉਨ੍ਹਾਂ ਮਹਾਂ ਪੁਰਸ਼ਾਂ ਦੀ ਨਿੰਦਾ ਨਹੀਂ ਤਾਂ ਹੋਰ ਕੀ ਹੈ.....?

ਗੁਰੂ ਘਰ ਵਿਚ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਸਾਹਿਬਾਨ ਤੀਕ ਇਨ੍ਹਾਂ ਜੋ ਵੀ ਆਪਣੇ ਜੀਵਨ ਵਿਚ ਕੌਤਕ ਕੀਤੇ ਉਹ ਸਚਾਈ ਭਰਪੂਰ ਅਤੇ ਛਲਕਪਟ ਤੋਂ ਰਹਿਤ ਸਨ। ਸੰਤ ਖ਼ਾਲਸਾ ਤ੍ਰੈਸ਼ਤਾਬਦੀ ਵਚਿੱਤਰ ਵਿਸਾਖੀ ਨਾਮੀ ਪੁਸਤਕ ਵਿਚੋਂ ਉਪਰ ਦਿੱਤੀਆਂ ਟੂਕਾਂ ਤੇ ਕੋਈ ਹੋਰ ਟੀਕਾ ਟਿੱਪਣੀ ਜਾਂ ਰਾਏ ਜ਼ਨੀ ਕਰਨ ਦੀ ਲੋੜ ਪ੍ਰਤੀਤ ਨਹੀਂ ਹੁੰਦੀ। ਅਬੁਲ ਤੁਰਾਨੀ ਦੀ ਉਪਰ ਦਿੱਤੀ ਚਸ਼ਮਦੀਦ ਗਵਾਹੀ ਦੀ ਰੋਸ਼ਨੀ ਵਿਚ, ਹੁਣ ਅੱਗੋਂ ਲਈ ਬੱਕਰੇ ਝਟਕਣ ਦੀ ਕਹਾਣੀ ਦਾ ਹਮੇਸ਼ਾ-ਹਮੇਸ਼ਾ ਲਈ ਭੋਗ ਪੈ ਜਾਣਾ ਚਾਹੀਦਾ ਹੈ। ਹਰ ਇਕ ਪਾਠਕ, ਵੀਰ ਅਤੇ ਭੈਣ ਅਬੁਲ ਤੁਰਾਨੀ ਦੀ ਉਪਰ ਦਿੱਤੀ ਗਵਾਹੀ ਨੂੰ ਸੰਗਤਾਂ ਦੀ ਜਾਣਕਾਰੀ ਵਿਚ ਲਿਆਉਣ ਕਿ ਕਲਗੀਧਰ ਜੀ ਵਾਸਤਵ ਵਿਚ ਸਿੱਖਾਂ ਦੇ ਸੀਸ ਹੀ ਝਟਕਾਏ ਸਨ।



www.AKJ.Org

# ਗੁਰਮਤਿ ਸਾਂਝਾ

ਸੋਚਣਾ ਹੀ ਪਵੇਗਾ ਕੌਮੀ ਸਰਮਾਏ ਦਾ ੮੦% ਤੋਂ ਜ਼ਿਆਦਾ ਸੰਗਮਰਮਰ ਤੇ ਸੋਨਾ ਲਗਾਣ ਤੇ ਖਰਚ ਹੋ ਰਿਹਾ ਹੈ ਤੇ ਇਸ ਸਾਮਾਨ ਦਾ ਅੱਗੇ ੮੦% ਨਿੱਜੀ ਜਾਇਦਾਦ ਤੇ ਠਾਠ ਬਨਾਣ ਤੇ ਕਿਉਂ ? ਜੇਕਰ ਅਭਿਲਾਖੀ ਨੂੰ ਸੋਨੇ ਦੇ ਘਰ ਵਿਚੋਂ ਗਿਆਨ ਪ੍ਰਾਪਤੀ ਨਾ ਹੋਵੇ, ਤਾਂ ਕੀ ਸੋਨੇ ਦੇ ਘਰ ਵਿਚ ਗੁਰੂ ਸਾਹਿਬ ਖੁਸ਼ ਹੋ ਸਕਣਗੇ ਜਿਥੇ ਹਮੇਸ਼ਾ ਹਮੇਸ਼ਾ ਦੁਈ ਦਵੈਂਤ ਜਾਂ ਪਾਟੋਧਾੜ ਦੀ ਧੁਨੀ ਹੀ ਕੰਠ ਹੁੰਦੀ ਹੋਵੇਗੀ? ਜਦ ਤੱਕ ਗਰੀਬ ਦਾ ਮੂੰਹ ਗੁਰੂ ਕੀ ਗੋਲਕ ਨਹੀਂ ਬਣਦੀ ਗੁਰੂ ਬਖਸ਼ਿਸ਼ ਨਾ-ਮੁਮਕਿਨ ਹੈ। ਆਉ । ਇਸ ਅਖੌਤੀ ਅਖਾੜੇ ਖਰਚ ਹੋ ਰਹੀ ਆਲਮੀ ਸਰਮਾਏ ਦੀ ਸੰਭਾਲ ਲਈ ਸੋਚੀਏ ਗੁਰਬਾਣੀ ਮੁਤਾਬਿਕ "ਹਰਿਮੰਦਰ ਹੀ ਸਰੀਰ ਹੈ ਤਾ ਇਹ ਸਰੀਰ ਗਿਆਨ ਵਿਹੂਣਾ ਨਾ ਰਹੇ। ਸਿੱਖ ਹਿਰਦੇ ਗਿਆਨ ਸੰਗਮਰਮਰੀ ਨਿਰਮਲਤਾ ਅਤੇ ਚੇਹਰਾ ਉਜਲ ਸੋਨੇ ਜਿਹਾ ਚੇਹਰਾ ਦਗ ਦਗ ਕਰੇ ਇਸ ਵਿਚ ਹੀ ਗੁਰੂ ਕੇ ਖੁਸ਼ੇ ਹਨ"

(ਸਚਖੰਡ ਪੱਤਰ)

ਇਹ ਇਕ ਸੱਚ ਹੈ - ਕਿ ਹਿੰਦੂ ਭਾਈਚਾਰੇ ਦੀ ਸਾਂਝ ਸਿੱਖ ਭਾਈਚਾਰੇ ਨਾਲ ਵਿਸ਼ੇਸ਼ ਹੈ। ਪਰ ਜਿਥੋਂ ਤੀਕ ਸਿੱਖ ਵਿਚਾਰਧਾਰਾ ਦਾ ਸਬੰਧ ਹੈ, ਉਹ ਉਥੋਂ ਸ਼ੁਰੂ ਹੁੰਦੀ ਹੈ ਜਿਥੋਂ ਬ੍ਰਾਹਮਣੀ ਵਿਚਾਰਧਾਰਾ ਦਾ ਅੰਤ ਹੁੰਦਾ ਹੈ। ਬ੍ਰਾਹਮਣ ਮਦ ਦਾ ਤਿਲਕ ਜੰਞੂ, ਗਾਇਤ੍ਰੀ-ਤਰਪਣ, ਦੇਵੀ ਦੇਵਤਿਆ ਦੀ ਪੂਜਾ ਇਸ ਪੂਜਾ ਤੋਂ ਉਤਪੰਨ ਹੋਏ ਥਿੱਤ- ਵਾਰ ਸ਼ਗਨ-ਰੀਤਾਂ, ਵਰ-ਸ਼ਰਾਪ, ਜਾਤ-ਵਰਣ, ਛੂਆ-ਛੂਤ, ਯੱਗ-ਹਵਨ, ਜੋਤਾਂ ਬਾਲ੍ਹਣੀਆਂ, ਨਰ-ਪਸ਼ੂ ਬਲੀਆਂ, ਵਹਿਮ ਭਰਮ, ਸਰਾਧ-ਨਰਾਤੇ, ਵਰਤ-ਸੁਖਣਾ-ਮੰਨਤਾਂ, ਮਾਲਾ-ਜਾਪ ਆਦਿ ਕਿਸੇ ਵੀ ਕਰਨੀ ਦਾ ਸਿੱਖ ਵਿਚਾਰਧਾਰਾ ਨਾਲ ਦੂਰ ਦਾ ਵੀ ਸੰਬੰਧ ਨਹੀਂ। ਇਸਦੇ ਉਲਟ ਸਿੱਖ ਇਕ ਅਕਾਲਪੁਰਖ ਦਾ ਪੁਜਾਰੀ ਅਤੇ ਰਜ਼ਾ-ਭਾਣੇ ਵਿਚ ਚੱਲਣ ਵਾਲ਼ੇ ਜੀਵਨ ਦਾ ਨਾਮ ਹੈ। ਬ੍ਰਾਹਮਣ ਮੱਤ ਵਿਚ ਪ੍ਰਭੂ ਨੂੰ ਜੂਨਾ ਵਿਚ ਆਉਣ ਵਾਲਾ ਅਵਤਾਰ ਮੰਨਿਆ ਹੈ, ਗੁਰੂੰ ਨਾਨਕ ਦੇ ਮੱਤ ਵਿਚ ਪ੍ਰਭੂ ਅਜੂਨੀ ਹੈ। ਬ੍ਰਾਹਮਣ ਮੱਤ ਦਾ ਆਧਾਰ ਬ੍ਰਹਮਾ-ਵਿਸ਼ਨੂੰ- ਮਹੇਸ਼ ਤਿੰਨ ਮੁੱਖ ਦੇਵਤੇ ਹਨ, ਗੁਰਮੱਤ ਇਹਨਾ ਦੀ ਹੋਂਦ ਤੋਂ ਹੀ ਇਨਕਾਰੀ ਹੈ। ਇਥੇ ਕਰਤਾ ਹੀ ਪੈਦਾ ਕਰਨ ਵਾਲਾ, ਪਾਲਨਾ ਅਤੇ ਸੰਘਾਰ, ਸਭ ਕੁਝ ਕਰਨ ਵਾਲਾ ਹੈ। ਗੁਰੂ ਨਾਨਕ ਦੇ ਉਚੇ ਸੁੱਚੇ ਸਿੱਖ ਮੱਤ ਵਿਚ ਸਾਰੀ ਮਾਨਵਤਾ ਦੀ ਸਮਾਨਤਾ ਅਤੇ ਸਭ ਦੇ ਅੰਦਰ ਅਕਾਲ ਪੁਰਖ ਦੇ ਇਕੋ ਨੂਰ ਦੀ ਗੱਲ ਹੈ। ਜਿੱਥੇ ਸੱਚਾ ਭਰਾਤਰੀ ਭਾਵ ਜਨਮ ਲੈਂਦਾ ਹੈ। ਜਦੋਂ ਕਿ ਬ੍ਰਾਹਮਣਵਾਦ ਦਾ ਆਧਾਰ ਹੀ ਚਾਰ ਵਰਣ ਹਨ ਜੋ ਬ੍ਰਾਹਮਣਵਾਦ ਅਨੁਸਾਰ ਪ੍ਰਭੂ ਨੇ ਆਪੇ ਸਿਰਜੇ ਹਨ। ਇਹਨਾਂ ਵਿਚ ਉਚ ਨੀਚ, ਜਾਤਪਾਤ ਦਾ ਇਤਨਾਂ ਬਖੇੜਾ ਹੈ ਕਿ ਰੋਟੀ ਬੇਟੀ ਦੀ ਸਾਂਝ ਵੀ ਨਹੀਂ। ਵਿਚਾਰ਼ੇ ਅਖਉਤੀ ਸੂਦਰ ਨੂੰ ਧਰਮ ਕਰਮ ਤਾਂ ਦੂਰ ਇਕ ਮਨੁੱਖ ਹੋਣ ਦਾ ਵੀ ਸਤਿਕਾਰ ਪ੍ਰਾਪਤ ਨਹੀਂ। ਇਸ ਵਾਸਤੇ ਕਿਸੇ ਹਿੰਦੂ ਵੀਰ ਜਾ ਭੈਣ ਦਾ ਸਿੱਖ ਸੱਜਣ ਤੋਂ ਭਾਵ ਕੇਵਲ ਕੇਸਾਧਾਰੀ ਹੋਣਾ ਨਹੀਂ ਬਲਕਿ ਪੂਰਨ ਤੌਰ ਤੇ ਬ੍ਰਾਹਮਣ ਮੱਤ ਦਾ ਤਿਆਗ ਹੈ।

(ਸਿੱਖ ਫੁਲਵਾੜੀ)

ਖਾਲਸਾ ਇਸ ਧਰਤੀ 'ਤੇ ਅਕਾਲ ਪੁਰਖ ਦੀ ਫੌਜੀ ਜਥੇਬੰਦੀ ਵਜੋਂ ਕਰਮਸ਼ੀਲ ਹੈ, ਜਿਸ ਨੇ ਅਧਰਮ (ਕੂੜ) ਦਾ ਖਾਤਮਾ ਕਰਕੇ ਇਸ ਧਰਤੀ 'ਤੇ ਧਰਮ (ਸੱਚ) ਦੀ ਸਥਾਪਨਾ ਕਰਨੀ ਹੈ, ਭਾਵ ਬਦੀ ਦੀਆ ਤਾਕਤਾਂ ਨੂੰ ਨੇਕੀ ਦੀ ਨਿਰੰਤਰ ਸੱਤਾ ਤੇ ਅਧੀਨ ਰੱਖਣਾ ਹੈ। ਇਸ ਤਰ੍ਹਾਂ 'ਗੁਰ-ਪੰਥ' ਦਾ ਨਿਸ਼ਾਨਾ ਸਮਾਜਕ, ਆਰਥਕ, ਰਾਜਨੀਤਕ ਆਦਿ ਹਰ ਖੇਤਰ ਦੀਆ ਬੁਰਾਈਆਂ ਤੇ ਕੁਰੀਤੀਆ ਨੂੰ ਖਤਮ ਕਰਕੇ, ਰੂਹਾਨੀ ਅਤੇ ਇਖ਼ਲਾਕੀ ਕਦਰਾਂ-ਕੀਮਤਾਂ ਨਾਲ ਲੈਸ ਇਕ ਨਿਰੋਏ ਵਿਸ਼ਵ-ਸਮਾਜ ਦੀ ਸਿਰਜਨਾ ਕਰਨਾ ਹੈ। ਹੱਕ, ਸੱਚ ਤੇ ਨਿਆਂ ਦਾ ਹਲੇਮੀ-ਰਾਜ ਸਥਾਪਤ ਕਰਨ ਲਈ ਹਰ ਤਰ੍ਹਾ ਦੇ ਜਬਰ, ਜ਼ੁਲਮ ਤੇ ਅਨਿਆ ਖਿਲਾਫ ਨਿਰੰਤਰ ਜੂਝਦੇ ਰਹਿਣਾ ਹੈ। ਇਹੋ ਹੀ 'ਗੁਰੂ-ਪੰਥ' ਦਾ ਇਕੋ-ਇਕ ਸਦੀਵੀ ਐਲਾਨਨਾਮਾ ਹੈ।

(ਗੁਰਮਤਿ ਪ੍ਰਕਾਸ਼)



www.AKJ.Org

(ਵੱਖ ਵੱਖ ਅਖਬਾਰੀ ਰਿਪੋਰਟਾ ਦੇ ਅਧਾਰ ਤੇ)

# ਖਬਰਨਾਮਾ

## ਦਲ ਖਾਲਸਾ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਤੋਂ ਜਾਣਕਾਰੀ ਮੰਗੀ

ਅੰਮ੍ਰਿਤਸਰ,੨੩ ਮਾਰਚ (ਲਾਬਾ)–ਦਲ ਖਾਲਸਾ ਜਥੇਬੰਦੀ ਦੇ ਆਗੂਆ ਨੇ ਸਿੱਖ ਵੋਟਰ ਅਤੇ ਸਿੱਖ ਪੰਥ ਦਾ ਹਿੱਸਾ ਹੋਣ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਦੇ ਸਾਰੇ ਮੈਂਬਰਾ ਨੂੰ ਇਕ ਫ਼ਾਰਮ ਡਾਕ ਰਾਹੀਂ ਭੇਜ ਕੇ ਲੋੜੀਂਦੀ ਜਾਣਕਾਰੀ ਮੰਗੀ ਹੈ ਤਾ ਜੋ ਸਿੱਖ ਸੰਗਤ ਇਹ ਜਾਣ ਸਕੇ ਕਿ ਉਨ੍ਹਾ ਕਰੀਬ ਸਾਢੇ ਚਾਰ ਸਾਲ ਦੇ ਸਮੇਂ ਵਿਚ ਸਿੱਖੀ ਦੇ ਪ੍ਰਚਾਰ ਲਈ ਕੀ ਕੀਤਾ ਹੈ।

ਅੱਜ ਇਹ ਪੱਤਰਕਾਰ ਸੰਮੇਲਨ ਦੌਰਾਨ ਦਲ ਖਾਲਸਾ ਦੇ ਸਕੱਤਰ ਕੰਵਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾ ਸ਼੍ਰੋਮਣੀ ਕਮੇਟੀ ਦੇ ਕਰੀਬ 180 ਮੈਂਬਰਾ ਨੂੰ ਇਹ ਫ਼ਾਰਮ ਡਾਕ ਰਾਹੀਂ ਭੇਜ ਦਿੱਤੇ ਹਨ ਜੋ ਉਨ੍ਹਾ ਨੂੰ ਅੱਜ ਮਿਲ ਜਾਣਗੇ। ਇਹ ਫ਼ਾਰਮ ਮੈਂਬਰ ਸਾਹਿਬਾਨ ਨੇ 13 ਅਪ੍ਰੈਲ ਤੱਕ ਭਰ ਕੇ ਵਾਪਸ ਭੇਜਣੇ ਹਨ। ਉਪਰੰਤ ਵਾਪਸ ਆਉਣ ਵਾਲੇ ਫ਼ਾਰਮਾ ਤੋਂ ਇਕੱਤਰ ਜਾਣਕਾਰੀ ਦੇ ਆਧਾਰ 'ਤੇ ਇਕ ਰਿਪੋਰਟ ਤਿਆਰ ਕੀਤੀ ਜਾਏਗੀ। ਇਹ ਮੁਕੰਮਲ ਰਿਪੋਰਟ ਫਿਰ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਨੂੰ ਸੌਂਪੀ ਜਾਏਗੀ ਅਤੇ ਉਪਰੰਤ ਸਿੱਖ ਸੰਗਤ ਦੇ ਵਿਚ ਵੀ ਲਿਆਂਦੀ ਜਾਏਗੀ।

ਉਨ੍ਹਾ ਦਸਿੱਆ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣ ਕੇ ਭੇਜਣ ਵਾਲੇ ਸਿੱਖ ਨਾਗਰਿਕ ਇਹ ਜਾਨਣਾ ਚਾਹੁੰਦੇ ਹਨ ਕਿ ਸਾਢੇ ਚਾਰ ਸਾਲ ਦੇ ਸਮੇਂ ਵਿਚ ਇਨ੍ਹਾ ਮੈਂਬਰਾ ਨੇ ਕੀ ਕਾਰਗੁਜ਼ਾਰੀ ਕੀਤੀ ਹੈ। ਉਨ੍ਹਾ ਕਿਹਾ ਕਿ ਸਿੱਖ ਸੰਗਤਾ ਦਾ ਇਹ ਅਧਿਕਾਰ ਵੀ ਹੈ ਅਤੇ ਫ਼ਰਜ਼ ਵੀ ਬਣਦਾ ਹੈ ਕਿ ਉਹ ਚੁਣ ਕੇ ਭੇਜੇ ਮੈਂਬਰਾ ਦੀ ਕਾਰਗੁਜ਼ਾਰੀ ਤੋਂ ਵਾਕਿਫ ਹੋਣ। ਮੌਜੂਦਾ ਲੋਕਤੰਤਰੀ ਪ੍ਰਣਾਲੀ ਵਿਚ ਚੁਣ ਕੇ ਭੇਜੇ ਹੋਏ ਇਨ੍ਹਾ ਨੁਮਾਇੰਦਿਆ ਦੀ ਕਾਰਗੁਜ਼ਾਰੀ ਵਿਚ ਪਾਰਦਰਸ਼ਤਾ ਹੋਣੀ ਵੀ ਜ਼ਰੂਰੀ ਹੈ। ਇਸ ਫ਼ਾਰਮ ਤੋਂ ਇਲਾਵਾ ਦੋ ਪ੍ਰਸ਼ਨਾ ਦੇ ਉਤਰ ਵੀ ਮੈਂਬਰਾ ਤੋਂ ਪੁੱਛੇ ਗਏ ਹਨ। ਇਕ ਪ੍ਰਸ਼ਨ ਸ਼੍ਰੋਮਣੀ ਕਮੇਟੀ ਦੇ ਮੈਂਬਰ ਵਜੋਂ ਅਜੇ ਤੱਕ ਉਨ੍ਹਾ (ਮੈਂਬਰਾ) ਦੀਆ ਪ੍ਰਾਪਤੀਆ ਕੀ ਰਹੀਆ ਹਨ? ਦੂਜਾ ਪ੍ਰਸ਼ਨ ਸ਼੍ਰੋਮਣੀ ਕਮੇਟੀ ਵਲੋਂ ਮਿਲੇ ਅਖਤਿਆਰੀ ਫੰਡ ਨੂੰ ਉਨ੍ਹਾ ਨੇ ਕਿਵੇਂ ਤੇ ਕਿਥੇ ਵਰਤਿਆ ਹੈ? ਭੇਜੇ ਗਏ ਫ਼ਾਰਮ ਜਿਸ ਨੂੰ ਹਲਫ਼ਨਾਮੇ ਦਾ ਨਾ ਦਿੱਤਾ ਗਿਆ ਹੈ, ਵਿਚ ਮੈਂਬਰਾ ਤੋਂ ਨਿੱਜੀ ਜਾਣਕਾਰੀ ਮੰਗੀ ਗਈ ਹੈ ਜੋ ਸਿੱਖ ਰਹਿਤ ਮਰਿਆਦਾ ਦੇ ਮੁਤਾਬਿਕ ਹੈ। ਦਸ ਪ੍ਰਸ਼ਨਾ ਤੇ ਆਧਾਰਿਤ ਇਸ ਹਲਫ਼ਨਾਮੇ ਬਾਰੇ ਉਨ੍ਹਾਂ ਕਿਹਾ ਕਿ ਪੰਥ ਖਾਲਸੇ ਦੀ ਧਰਮ ਨਿਆਈ ਖੁੱਲ੍ਹੀ ਅਦਾਲਤ ਦੇ ਸਨਮੁਖ ਮੈਂਬਰਾ ਦਾ ਇਹ ਜੁਵਾਬ ਹੋਏਗਾ।

## ਟੌਹੜਾ ਵਲੋਂ ਵਿਦੇਸ਼ੀ ਸਿੱਖਾਂ ਨੂੰ ਆਪਣੇ ਮੂਲ ਨਾਲ ਜੁੜੇ ਰਹਿਣ ਦਾ ਸੱਦਾ

ਫ਼ਤਿਹਗੜ੍ਹ ਸਾਹਿਬ 13 ਅਪ੍ਰੈਲ (ਪੱਤਰ ਪ੍ਰੇਰਕ) ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਵਿਦੇਸ਼ਾ ਵਿਚ ਵੱਸਦੇ ਸਮੂਹ ਸਿੱਖਾ ਨੂੰ ਅਪੀਲ ਕੀਤਾ ਕਿ ਉਹ ਆਰਥਿਕ ਤਰੱਕੀ ਲਈ ਮਿਹਨਤ ਕਰਨ ਦੇ ਨਾਲ-ਨਾਲ ਆਪਣੇ ਮੂਲ ਨਾਲ ਜੁੜ ਕੇ ਰਹਿਣ ਤਾ ਜੋ ਸਿੱਖ ਸਿਧਾਤਾ, ਪ੍ਰੰਪਰਾਵਾ ਅਤੇ ਸੰਸਥਾਵਾ ਉਪਰ ਹੋ ਰਹੇ ਮਾਰੂ ਹਮਲਿਆ ਨੂੰ ਠੱਲ੍ਹ ਪਾਈ ਜਾ ਸਕੇ। ਉਹ ਆਪਣੀ ਅਮਰੀਕਾ ਦੀ ਫੇਰੀ ਦੌਰਾਨ ਗੁਰਦੁਆਰਾ ਗੁਰੂ ਨਾਨਕ ਸਿੱਖ ਮਿਸ਼ਨ ਆਫ਼ ਅਮਰੀਕਾ ਵਿਚ ਹੋਏ ਵਿਸਾਖੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ, ਜਿਸ ਦੀ ਕਾਰਵਾਈ ਫੈਕਸ ਰਾਹੀਂ ਪਾਰਟੀ ਦੇ ਪ੍ਰੈਸ ਸਕੱਤਰ ਗੁਰਦਰਸ਼ਨ ਸਿੰਘ ਬਾਹੀਆ ਨੇ ਜਾਰੀ ਕੀਤੀ।

ਜਥੇਦਾਰ ਟੌਹੜਾ ਨੇ ਕਿਹਾ ਕਿ ਪੰਥ ਵਿਰੋਧੀ ਸ਼ਕਤੀਆ ਵਲੋਂ ਸਿੱਖਾ ਦੀ ਵਿਲੱਖਣ ਤੇ ਅੱਡਰੀ ਹਸਤੀ ਨੂੰ ਖਤਮ ਕਰਨ ਲਈ ਅੱਜ ਯੋਜਨਾਬੱਧ ਮੁਹਿੰਮ ਚਲਾਈ ਜਾ ਰਹੀ ਹੈ। ਸਿੱਖਾ ਨੂੰ ਸ਼ਬਦ ਗੁਰੂ ਦੇ ਸਿਧਾਤ ਨਾਲੋ ਤੋੜਨ ਦੇ ਕੋਝੇ ਮਨਸੂਬੇ ਸਿਰੇ ਚਾੜ੍ਹਨ ਲਈ ਵੱਖ ਵੱਖ ਗੁਰੂ ਡੰਮਾ ਨੂੰ ਸਰਕਾਰੀ ਸਰਪ੍ਰਸਤੀ ਦਿੱਤੀ ਜਾ ਰਹੀ ਹੈ। ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪ੍ਰਕਾਸ਼ ਕਰਵਾਉਣ ਦੀਆ ਚਾਲਾ ਚੱਲ ਕੇ 'ਗੁਰੂ ਮਾਨਿਓ ਗ੍ਰੰਥ' ਦੇ ਸੰਕਲਪ ਨੂੰ ਢਾਹ ਲਾਈ ਜਾ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਦਰਾ ਵਿਚ ਪ੍ਰਕਾਸ਼ ਕਰਨ ਦੀਆ ਚਾਲਾ ਚਲਾ ਕੇ 'ਜਗਦੀ ਜੋਤਿ' ਗੁਰੂ ਗ੍ਰੰਥ ਸਾਹਿਬ ਨੂੰ ਮਹਿਜ਼ ਇਕ ਮੂਰਤੀ ਤਕ ਛੁਟਿਆਉਣ ਦੀਆ ਚਾਲਾ ਚੱਲੀਆ ਜਾ ਰਹੀਆ ਹਨ। ਜਥੇਦਾਰ ਟੌਹੜਾ ਨੇ ਕਿਹਾ ਕਿ ਸਿੱਖ ਸਿਧਾਤਾ, ਪ੍ਰੰਪਰਾਵਾ, ਮਰਿਯਾਦਾ ਅਤੇ ਸੰਸਥਾਵਾ ਉਤੇ ਪਹਿਰਾ ਦੇ ਕੇ ਹੀ ਯੋਜਨਾਬਧ ਹਮਲੇ ਨੂੰ ਪਛਾੜਿਆ ਜਾ ਸਕਦਾ ਹੈ।



www.AKJ.Org

## ਜਾਤਪਾਤ ਨੂੰ ਉਭਾਰਨ ਵਾਲੀਆਂ ਜਥੇਬੰਦੀਆਂ ਤੇ ਪਾਬੰਧੀ ਮੰਗੀ

ਨਵਾ ਸ਼ਹਿਰ, 15 ਅਪ੍ਰੈਲ- ਆਲ ਇੰਡੀਆ ਸਿੱਖ ਸਟੂਡੈਂਟਸ ਫੇਡਰੇਸ਼ਨ ਦੇ ਕੌਮੀ ਜਨਰਲ ਸੱਕਤਰ ਗੁਰਬੱਖਸ਼ ਸਿੰਘ ਗੋਗੀ ਅਤੇ ਜ਼ਿਲ੍ਹਾ ਨਵਾ ਸ਼ਹਿਰ ਦੇ ਜਨਰਲ ਸੱਕਤਰ ਹਰਵਿੰਦਰ ਸਿੰਘ ਨੇ ਇਕ ਪ੍ਰੈਸ ਬਿਆਨ ਰਾਹੀਂ ਆਖਿਆ ਹੈ ਕਿ ਵੱਖ ਵੱਖ ਸ਼ਹੀਦਾ ਦੇ ਨਾਵਾ ਤੇ ਜਾਤਾ ਦੇ ਆਧਾਰ ਤੇ ਬਣਾਈਆ ਜਾ ਰਹੀਆ ਸਿੱਖ ਜਥੇਬੰਦੀਆ ਸਿੱਖਾ ਦੇ ਮੂਲ ਆਸ਼ੇ ਦੇ ਉਲਟ ਹਨ। ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾ ਜਾਤ ਪਾਤ ਦਾ ਭੇਦ ਭਾਵ ਦੂਰ ਕਰਨ ਲਈ ਸਾਰੇ ਸਿੱਖਾ ਨੂੰ ਇੱਕ ਹੀ ਬਾਟੇ ਵਿਚ ਅੰਮ੍ਰਿਤ-ਪਾਨ ਕਰਵਾਇਆ ਪਰ ਅੱਜ ਕਈ ਵਿਅਕਤੀ ਆਪਣੀ ਆਪਣੀ ਜਾਤ ਨਾਲ ਸੰਬੰਧਿਤ ਸ਼ਹੀਦਾਂ ਦੇ ਨਾ ਤੇ ਸਿੱਖ ਜਥੇਬੰਦੀਆਂ ਬਣਾ ਰਹੇ ਹਨ। ਇਨ੍ਹਾਂ ਜਥੇਬੰਦੀਆਂ ਦਾ ਮੈਂਬਰ ਵੀ ਸਿਰਫ਼ ਜਾਤੀ ਵਿਸ਼ੇਸ਼ ਨਾਲ ਸੰਬੰਧਿਤ ਵਿਅਕਤੀ ਹੀ ਬਣ ਸਕਦਾ ਹੈ ਕੋਈ ਹੋਰ ਜਾਤੀ ਵਾਲਾ ਨਹੀਂ।

ਉਨ੍ਹਾਂ ਕਿਹਾ ਕਿ ਬਹੁਤ ਸਾਰੇ ਅੰਮ੍ਰਿਤਧਾਰੀ ਮੜ੍ਹੀਆ ਤੇ ਜਠੇਰਿਆ ਦੀ ਪੂਜਾ ਵੀ ਕਰਦੇ ਹਨ। ਜਦ ਕਿ ਸਿੱਖ ਧਰਮ ਮੜ੍ਹੀਆ, ਕਬਰਾ ਅਤੇ ਜਠੇਰਿਆ ਦੀ ਪੂਜਾ ਨੂੰ ਬਿਲਕੁਲ ਨਹੀਂ ਸਵੀਕਾਰਦਾ। ਉਨ੍ਹਾਂ ਅਕਾਲ ਤਖਤ ਦੇ ਜੱਥੇਦਾਰ, ਜਥੇਦਾਰ ਜੋਗਿੰਦਰ ਸਿੰਘ ਵੇਦਾਤੀ ਨੂੰ ਅਪੀਲ ਕੀਤਾ ਕਿ ਉਨ੍ਹਾਂ ਜਾਤ ਪਾਤ ਨੂੰ ਉਤਸ਼ਾਹ ਕਰ ਰਹੀਆ ਸਿੱਖ ਜੱਥੇਬੰਦੀਆ ਨੂੰ ਬੰਦ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਠੇਰਿਆਂ, ਮੜ੍ਹੀਆ, ਕਬਰਾ ਉੱਤੇ ਲੈ ਜਾਣ ਤੇ ਪਾਬੰਦੀ ਲਾਉਣ ਲਈ ਉਪਰਾਲੇ ਕਰਨ।

## ਭਰੂਣ ਹੱਤਿਆ ਦੇ ਵਿਰੁੱਧ ਹੁਕਮਨਾਮਾ ਜਾਰੀ

ਅੰਮ੍ਰਿਤਸਰ, 18 ਅਪਰੈਲ - ਅਕਾਲ ਤਖਤ ਸਾਹਿਬ ਵਲੋਂ ਅੱਜ ਭਰੂਣ ਹੱਤਿਆ ਨੂੰ ਰੋਕਣ ਲਈ ਸਿੱਖ ਭਾਈਚਾਰੇ ਦੇ ਨਾ ਇਕ ਹੁਕਮਨਾਮਾ ਜਾਰੀ ਕੀਤਾ ਗਿਆ ਹੈ।

ਅਕਾਲ ਤਖਤ ਦੇ ਪੈਡ ਤੇ ਪੰਜ ਸਿੰਘ ਸਾਹਿਬਾਨ ਵਲੋਂ ਕੌਮ ਦੇ ਨਾ ਦਿੱਤੇ ਸੰਦੇਸ਼ ਵਿਚ ਅਕਾਲ ਤੱਖਤ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਤੀ ਨੇ ਕਿਹਾ ਹੈ ਕਿ ਗੁਰਮਤਿ ਵਿਚਾਰਧਾਰਾ ਦੀ ਰੋਸ਼ਨੀ ਵਿਚ ਇਹ ਆਦੇਸ਼ ਦਿੱਤਾ ਜਾਦਾ ਹੈ ਕਿ ਕੋਈ ਵੀ ਗੁਰਸਿੱਖ ਮਾਤਾ ਦੇ ਗਰਭ ਵਿਚ ਲੜਕੀ ਦਾ ਪਤਾ ਲੱਗਣ ਤੇ ਭਰੂਣ ਹੱਤਿਆ ਦਾ ਮਨਮੁੱਖੀ ਕਾਰਾ ਨਾ ਕਰੇ । ਜਿਹੜਾ ਵੀ ਅਜਿਹਾ ਕਰੇਗਾ, ਸਿੱਖ ਰਹਿਤ ਮਰਯਾਦਾ ਅਨੁਸਾਰ ਉਹ ਵਿਅਕਤੀ ਤਨਖਾਹੀਆ ਹੋਵੇਗਾ। ਜਥੇਦਾਰ ਵੇਦਾਤੀ ਨੇ ਕਿਹਾ ਕਿ ਸਿੱਖ ਧਰਮ ਇਕ ਵਿਗਿਆਨਿਕ ਤੇ ਸਰਬੱਤ ਦਾ ਭਲਾ ਮੰਗਣ ਵਾਲਾ ਅਤੇ ਅਗਾਹਵਧੂ ਫਲਸਫ਼ੇ ਵਾਲਾ ਧਰਮ ਹੋਣ ਕਰਕੇ ਗੁਰੂ ਸਾਹਿਬਾਨ ਨੇ ਇਸਤਰੀ ਜਾਤੀ ਨੂੰ ਮਨੁੱਖੀ ਸਮਾਜ ਵਿਚ ਸਤਿਕਾਰ ਭਰਿਆ ਰੁਤਬਾ ਬਖਸ਼ਿਆ ਹੈ। ਉਨ੍ਹਾ ਕਿਹਾ ਕਿ ਸਿੱਖ ਰਹਿਤਨਾਮਿਆ ਅਤੇ ਸਿੱਖ ਰਹਿਤ ਮਰਯਾਦਾ ਵਿਚ ਕੁੜੀ ਮਾਰ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖਣ ਦਾ ਆਦੇਸ਼ ਵੀ ਇਸੇ ਭਾਈਚਾਰੇ ਦਾ ਹੀ ਹਿੱਸਾ ਹੈ। ਉਨ੍ਹਾ ਕਿਹਾ ਕਿ ਇਸ ਅਣਮਨੁੱਖੀ, ਅਨੈਤਿਕ ਅਤੇ ਅਧਾਰਮਿਕ ਬਿਰਤੀ ਨੂੰ ਠੱਲ੍ਹ ਪਾਉਣ ਲਈ ਇਹ ਹੁਕਮਨਾਮਾ ਜਾਰੀ ਕੀਤਾ ਗਿਆ ਹੈ।

## ਹੁਕਮਨਾਮੇ ਦਾ ਸਵਾਗਤ :

ਚੰਡੀਗੜ੍ਹ,(ਟ੍ਰਿਬਿਊਨ ਨਿਊਜ਼ ਸਰਵਿਸ)—ਵਲੰਟਰੀ ਹੈਲਥ ਐਸੋਸੀਏਸ਼ਨ ਆਫ ਪੰਜਾਬ ਨੇ ਸ੍ਰੀ ਅਕਾਲ ਤੱਖਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਤੀ ਨੂੰ ਪੱਤਰ ਲਿਖ ਕੇ ਇਸ ਹੁਕਮਨਾਮੇ ਦਾ ਸੁਆਗਤ ਕੀਤਾ ਹੈ ਅਤੇ ਨਾਲ ਹੀ ਸੁਝਾਅ ਦਿੱਤਾ ਹੈ ਕਿ ਉਹ ਭਰੂਣ ਹੱਤਿਆ ਵਰਗੀ ਕੁਰੀਤੀ ਦੇ ਵਿਰੁੱਧ ਲਹਿਰ ਚਲਾਉਣ ਦਾ ਵੀ ਸੱਦਾ ਦੇਣ।

ਵਲੰਟਰੀ ਹੈਲਥ ਐਸੋਸੀਏਸ਼ਨ ਆਫ ਪੰਜਾਬ ਦੇ ਮੁੱਖੀ ਸ੍ਰੀ ਮਨਮੋਹਨ ਸ਼ਰਮਾ ਨੇ ਜਥੇਦਾਰ ਦੇ ਨਾ ਲਿਖੇ ਪੱਤਰ ਵਿਚ ਕਿਹਾ ਕਿ ਸ਼੍ਰੋਮਣੀ ਕਮੇਟੀ, ਦੇ ਤਹਿਤ ਆਉਂਦੇ ਸਾਰੇ ਗੁਰਦੁਆਰਿਆ ਦੇ ਸੇਵਾਦਾਰਾ ਤੇ ਗ੍ਰੰਥੀਆਂ, ਸਿੰਘ ਸਭਾਵਾ, ਸਿੱਖ ਮਿਸ਼ਨਰੀ ਕਾਲਜਾ ਦੇ ਕਾਰਕੁਨਾ ਨੂੰ ਸੱਦਾ ਦਿੱਤਾ ਜਾਵੇ ਕਿ ਉਹ ਪਿੰਡ ਪਿੰਡ ਜਾਕੇ ਭਰੂਣ ਹੱਤਿਆ ਵਰਗੇ ਪਾਪ ਦੇ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ। ਸਿੱਖ ਮਿਸ਼ਨਰੀ ਕਾਲਜਾ ਦੇ ਕਾਰਕੁਨਾ ਨੂੰ ਭਟਕ ਚੁੱਕੇ ਡਾਕਟਰਾ ਤੱਕ ਵੀ ਪਹੁੰਚ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਸਿੱਖ ਰਹਿਤ ਮਰਯਾਦਾ ਬਾਰੇ ਦੱਸਣਾ ਚਾਹੀਦਾ ਹੈ।

ਪੱਤਰ ਵਿਚ ਕਿਹਾ ਗਿਆ ਹੈ ਕਿ ਗਰਭ ਵਿਚ ਬੱਚੀਆ ਦੀਆ ਹੱਤਿਆਵਾ ਰੋਕਣ ਲਈ ਲਹਿਰ ਚਲਾਉਣ ਦੀ ਲੋੜ ਹੈ। ਇਹ ਲਹਿਰ ਤਾ ਹੀ ਕਾਰਗਰ ਹੋ ਸਕਦੀ ਹੈ ਜੇ ਸ੍ਰੀ ਅਕਾਲ ਤੱਖਤ ਵਲੋਂ ਇਸ ਸੰਬੰਧੀ ਆਦੇਸ਼ ਦਿੱਤਾ ਜਾਵੇ।



www.AKJ.Org

## ਸ਼੍ਰੋਮਣੀ ਕਮੇਟੀ ਦਾ ਸਾਡੇ ਗੁਰਦੁਆਰਿਆਂ ਤੇ ਕੋਈ ਹੱਕ ਨਹੀਂ–ਜਾਵੇਦ

ਪੰਜਾ ਸਾਹਿਬ (ਹਸਨ ਅਬਦਾਲ) (ਪਾਕਿਸਤਾਨ), 13 ਅਪ੍ਰੈਲ:- ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਅੱਜ ਇਥੇ ਗੁਰਦੁਆਰਾ ਪੰਜਾ ਸਾਹਿਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਅਤੇ ਆਈ.ਐਸ.ਆਈ ਦੇ ਸਾਬਕਾ ਮੁਖੀ ਲੈਫ. ਜਨਰਲ ਜਾਵੇਦ ਨਾਸਿਰ ਨੂੰ ਸਿਰੋਪਾ ਭੇਟ ਕਰਕੇ ਇਹ ਸੱਪਸ਼ਟ ਸੰਕੇਤ ਦੇ ਦਿੱਤਾ ਕਿ ਉਹ ਪਾਕਿਸਤਾਨ ਕਮੇਟੀ ਦੀ ਹੋਂਦ ਨੂੰ ਸਵੀਕਾਰ ਕਰਦੀ ਹੈ। ਵਰਨਣਯੋਗ ਹੈ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧੱਕ ਕਮੇਟੀ 13 ਅਪਰੈਲ, 1999 ਨੂੰ ਪਾਕਿਸਤਾਨ ਸਰਕਾਰ ਵੱਲੋਂ ਗਠਿਤ ਕੀਤੀ ਗਈ ਸੀ। ਕਮੇਟੀ ਦੇ ਗਠਨ ਦੇ ਰੋਸ ਵੱਜੋਂ ਉਸ ਵੇਲੇ ਦੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਗੁਰਪੁਰਬਾ ਮੌਕੇ ਪਾਕਿਸਤਾਨ ਸਥਿਤ ਗੁਰਧਾਮਾ ਦੀ ਯਾਤਰਾ ਲਈ ਜਥੇ ਭੇਜਣੇ ਬੰਦ ਕਰ ਦਿੱਤੇ ਸਨ ਤੇ ਇਹ ਮੰਗ ਰੱਖੀ ਸੀ ਕਿ ਜਦੋਂ ਤੱਕ ਪਾਕਿਸਤਾਨ ਕਮੇਟੀ ਨੂੰ ਭੰਗ ਕਰਕੇ ਉਥੋਂ ਦੇ ਗੁਰਧਾਮਾ ਦੀ ਸੰਭਾਲ ਸ਼੍ਰੋਮਣੀ ਕਮੇਟੀ ਦੇ ਹਵਾਲੇ ਨਹੀਂ ਕੀਤੀ ਜਾਦੀ, ਸ਼੍ਰੋਮਣੀ ਕਮੇਟੀ ਜੱਥੇ ਨਹੀਂ ਭੇਜੇਗੀ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਅਤੇ ਜਥੇ ਦੇ ਲੀਡਰ ਸ੍ਰੀ ਸ਼ਿੰਗਾਰਾ ਸਿੰਘ ਲੋਹੀਆ ਨੇ ਸ੍ਰੀ ਜਾਵੇਦ ਨਾਸਿਰ ਨੂੰ ਸਿਰੋਪਾ ਭੇਟ ਕੀਤਾ ਪਰ ਉਨ੍ਹਾਂ ਨੇ ਕਮੇਟੀ ਦੇ ਕੋ-ਕਨਵੀਨਰ ਭਾਈ ਸ਼ਾਮ ਸਿੰਘ ਨੂੰ ਸਿਰੋਪਾ ਨਹੀਂ ਦਿੱਤਾ। ਦੂਜੇ ਪਾਸੇ ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਸੀਨੀਅਰ ਆਗੂ ਸ੍ਰੀ ਹਰਵਿੰਦਰ ਸਿੰਘ ਸਰਨਾ, ਵਿਸ਼ਵ ਭਾਈ ਮਰਦਾਨਾ ਯਾਦਗਾਰੀ ਟਰਸਟ ਦੇ ਡਿਪਟੀ ਸੈਕਟਰੀ ਨੇ ਜਨਾਬ ਇਜਹਾਰ ਉਲ-ਹਸਨ ਨੂੰ ਸਿਰੋਪੇ ਭੇਟ ਕੀਤੇ।

ਜਨਾਬ ਜਾਵੇਦ ਨਾਸਿਰ ਨੇ ਪਾਕਿਸਤਾਨ ਦੇ ਮੁਖੀ ਜਨਰਲ ਪ੍ਰਵੇਜ਼ ਮੁਸ਼ੱਰਫ ਵਲੋਂ ਵਿਸ਼ਵ ਵਿਚ ਵਸਦੇ ਸਿੱਖ ਭਾਈਚਾਰੇ ਨੂੰ ਵਿਸਾਖੀ ਦੇ ਦਿਹਾੜੇ ਦੀ ਵਧਾਈ ਦਿੱਤੀ।

## ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਭਾਈ ਚਮਨਜੀਤ ਸਿੰਘ ਵੱਲੋਂ ਮੰਦਰ ਵਿਚ ਕੀਰਤਨ ਕੀਤੇ ਜਾਣ ਦਾ ਸਖਤ ਨੋਟਿਸ : ਦਸਮ ਗ੍ਰੰਥ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਅਖੰਡ ਪਾਠ ਦਾ ਵਿਰੋਧ

ਅੰਮ੍ਰਿਤਸਰ : 19 ਅਪ੍ਰੈਲ ਪ੍ਰਸਿੱਧ ਕੀਰਤਨੀਏ ਭਾਈ ਚਮਨਜੀਤ ਸਿੰਘ ਲਾਲ (ਭਾਈ ਲਾਲ ਜੀ) ਵਲੋਂ ਸਨਾਤਨ ਧਰਮ ਮਹਾਂਵੀਰ ਮੰਦਰ, ਨਵੀਂ ਦਿੱਲੀ ਵਿਚ ਕੀਰਤਨ ਕੀਤੇ ਜਾਣ ਦਾ ਸਖਤ ਨੋਟਿਸ ਲੈਂਦਿਆ ਅਕਾਲ ਤਖਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਉਨ੍ਹਾ ਪਾਸੋਂ ਸਪਸ਼ਟੀਕਰਨ ਮੰਗਿਆ ਹੈ। ਭਾਈ ਲਾਲ ਨੂੰ ਲਿਖੇ ਪੱਤਰ ਵਿਚ ਜਥੇਦਾਰ ਵੇਦਾਂਤੀ ਨੇ ਕਿਹਾ ਕਿ ਮੰਦਰ ਵਿਚ ਵੀਰ ਹਨੂਮਾਨ ਅਤੇ ਸ਼ਿਵ ਦੀ ਮੂਰਤੀ ਸਥਾਪਤ ਕਰਨ ਸਮੇਂ ਕੀਰਤਨ ਕਰਨਾ ਪੰਥ ਵਿਰੋਧੀ ਹੈ ਅਤੇ ਸਿੱਖ ਮਰਿਆਦਾ ਦੀ ਉਲੰਘਣਾ ਹੈ। ਉਨ੍ਹਾ ਕਿਹਾ ਕਿ ਕਿਸੇ ਨੂੰ ਵੀ ਅਜਿਹਾ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਉਨ੍ਹਾ ਕਿਹਾ ਕਿ ਜੇ ਭਾਈ ਲਾਲ ਨੇ ਆਪਣੀ ਸਥਿਤੀ ਸਪਸ਼ਟ ਨਾ ਕੀਤੀ ਤਾ ਉਨ੍ਹਾ ਵਿਰੁੱਧ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਜਥੇਦਾਰ ਵੇਦਾਂਤੀ ਨੇ ਗੁਰੂ ਨਾਨਕ ਫਾਰਮ, ਨਵੀਂ ਦਿੱਲੀ ਵਿਚ 20 ਤੋਂ 22 ਅਪ੍ਰੈਲ ਤੀਕ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਅਤੇ ਸਰਬ ਲੋਹ ਗ੍ਰੰਥ ਦੇ ਅਖੰਡ ਪਾਠ ਕਰਨ ਦਾ ਸਖਤ ਨੋਟਿਸ ਲਿਆ ਹੈ। ਜਥੇਦਾਰ ਨੇ ਕਿਹਾ ਕਿ ਬਹੁਤ ਸਾਰੇ ਸਿੱਖਾ ਨੇ ਇਸ ਬਾਰੇ ਉਨ੍ਹਾ ਨੂੰ ਲਿਖਿਆ ਹੈ। ਉਨ੍ਹਾ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਿਸੇ ਵੀ ਹੋਰ ਧਰਮ ਗ੍ਰੰਥ ਨੂੰ ਸਤਿਗੁਰ ਦੇ ਤੁਲ ਪਦਵੀ ਨਹੀਂ ਦਿੱਤੀ ਜਾ ਸਕਦੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਿਸੇ ਵੀ ਧਾਰਮਿਕ ਗ੍ਰੰਥ ਨੂੰ ਅਸਥਾਪਨ ਕਰਨਾ ਪੰਥ ਪ੍ਰਵਾਣਿਤ ਰਹਿਤ ਮਰਿਆਦਾ ਦੀ ਉਲੰਘਣਾ ਹੈ।।


### ਮੋਖ ਰਹਿਤ ਲੜੀਵਾਰ ਗੁਟਕੇ

ਨਿਤਨੇਮ ਅਤੇ ਸੁਖਮਨੀ ਸਾਹਿਬ ਦੇ ਲੜੀਵਾਰ ਗੁਟਕੇ ਬਿਨਾ ਕਿਸੇ ਭੇਟਾ ਦੇ ਮੋਖ ਰਹਿਤ ਪ੍ਰਾਪਤ ਕਰਨ ਲਈ ਸੰਪਰਕ ਕਰੋ। 1. ਮਾਸਟਰ ਜਸਵੰਤ ਸਿੰਘ ਜੀ 542 ਈਸਟ ਮੋਹਨ ਨਗਰ ਅੰਮ੍ਰਿਤਸਰ। 2 ਸਰਦਾਰ ਗੁਰਪ੍ਰੀਤ ਸਿੰਘ 67-D ਡਾ. ਮੁਖਰਜੀ ਨਗਰ ਦਿੱਲੀ ਫੋਨ . 7654833





www.AKJ.Org

# ਆਉਣ ਵਾਲੇ ਕੀਰਤਨ ਸਮਾਗਮ

## ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਉਤਸਵ ਤੇ ਰੈਣਿ ਸਬਾਈ ਕੀਰਤਨ

ਗੁ: ਬਾਬਾ ਜੁਝਾਰ ਸਿੰਘ ਜੀ ਇੰਦਰਾ ਨਗਰ ਨੇੜੇ ਅਬਦੁੱਲਾਪੁਰ ਬਸਤੀ ਲੁਧਿਆਣਾ ਵਿਖੇ 5 ਮਈ ਸ਼ਨਿਚਰਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

## ਕਾਨਪੁਰ ਵਿਖੇ ਅਖੰਡ ਕੀਰਤਨ ਸਮਾਗਮ 4 ਤੋਂ 7 ਮਈ

4 ਮਈ ੨੦੦1 ਸ਼ਾਮ ਗੁ: ਪਾਡੂ ਨਗਰ ਵਿਖੇ। 5 ਮਈ ਸਵੇਰੇ ਗੁ: ਸੰਤ ਨਗਰ ਵਿਖੇ। 5 ਮਈ ਸ਼ਾਮ ਨੂੰ ਗੁ: ਲੇਬਰ ਕਲੋਨੀ ਵਿਖੇ। ੬ ਮਈ ਸਵੇਰੇ ਗੁ: ਗੁਰੂ ਤੇਗ ਬਹਾਦਰ ਸਾਹਿਬ ਵਿਖੇ। ੬ ਮਈ ਸ਼ਾਮ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਗੁ: ਸੰਤ ਨਗਰ ਵਿਖੇ। ਰਿਹਾਇਸ਼ : ਗੁ: ਸੰਤ ਨਗਰ ਵਿਖੇ ਹੀ।

## ਗੁ: ਕਥਾ ਅਸਥਾਨ ਦਰਬਾਰ ਸਾਹਿਬ ਤਰਨਤਾਰਨ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ੧੨ ਮਈ ਸ਼ਨਿਚਰਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ

## ਚੋਹਲਾ ਸਾਹਿਬ ਵਿਖੇ ਰੈਣਿ ਸਬਾਈ ਕੀਰਤਨ

ਗੁ: ਦੂਖ ਨਿਵਾਰਨ ਸਾਹਿਬ ਵਿਖੇ ੧੨ ਮਈ ਰਾਤ ਨੂੰ ਕੀਰਤਨ ਅਖਾੜੇ ਸਜਣਗੇ।ਪੁੱਛਗਿਛ ਟੈਲੀਫੋਨ 48368

## ਮਾਸਿਕ ਰੈਣਿ ਸਬਾਈ ਕੀਰਤਨ ਗੁ: ਸਾਹਿਬ ਪਿੰਡ ਖਾਨਪੁਰ (ਲੁਧਿਆਣਾ) ਵਿਖੇ ੧੨ ਮਈ ਰਾਤ ਨੂੰ

## ਧੂਰੀ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ

ਗੁ: ਨਾਨਕਸਰ ਨੇੜੇ ਵੀਨਸ ਗੈਸ ਏਜੰਸੀ ਧੂਰੀ ਵਿਖੇ ੧੯ ਮਈ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਪੁੱਛਗਿਛ ਮਾਸਟਰ ਹਰਭਜਨ ਸਿੰਘ ਧੂਰੀ ☎01675-6੨1੨53

## ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ ੨੬ ਮਈ ਰਾਤ ਨੂੰ।

## ਹੁਸ਼ਿਆਰਪੁਰ ਵਿਖੇ ਪੰਚਮ ਪਾਤਸ਼ਾਹ ਦੇ ਸ਼ਹੀਦੀ ਪੁਰਬ ਤੇ ਕੀਰਤਨ ਸਮਾਗਮ

੨੪ ਮਈ ਸਵੇਰੇ 4 ਤੋਂ ੬ ਸ੍ਰੀ ਆਸਾਂ ਕੀ ਵਾਰ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਵਿਖੇ। ਸ਼ਾਮ 7 ਤੋਂ ੯ ਕੀਰਤਨ ਗੁ: ਭਾਈ ਜੋਗਾ ਸਿੰਘ ਮੁਹੱਲਾ ਸ਼ੇਖਾ ਵਿਖੇ।
੨5 ਮਈ ਸਵੇਰੇ ੬ ਤੋਂ ੧੨ ਅਖੰਡ ਕੀਰਤਨ ਗੁ: ਹਰੀ ਭਗਤਪੁਰ ਮਿੱਠਾ ਟਿਵਾਣਾ ਮਾਡਲ ਟਾਊਨ ਵਿਖੇ ਦੁਪਹਿਰ 3 ਵਜੇ ਆਰੰਭ ਨਗਰ ਕੀਰਤਨ ਗੁ: ਸਿੰਘ ਸਭਾ ਰੇਲਵੇ. ਰੋਡ ਤੋਂ
੨੬ ਮਈ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ ਅਤੇ ਸ਼ਾਮ ਨੂੰ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਸਿੰਘ ਸਭਾ ਰੇਲਵੇ ਰੋਡ ਵਿਖੇ।
ਅੰਮ੍ਰਿਤ ਸੰਚਾਰ : ੨੬ ਮਈ ਸ਼ਾਮ 7 ਵਜੇ ਗੁ: ਸਾਹਿਬ ਦੇ ਹਾਲ ਵਿਚ ਅੰਮ੍ਰਿਤ ਸੰਚਾਰ ਆਰੰਭ ਹੋਣਗੇ

ਦਾਸਰੇ ਅਖੰਡ ਕੀਰਤਨੀ ਜੱਥਾ ਹੁਸ਼ਿਆਰਪੁਰ

## ਪਾਉਂਟਾ ਸਾਹਿਬ (ਹਿ. ਪ੍ਰ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗਰਮੀਆ ਦੀਆਂ ਛੁੱਟੀਆ ਵਿਚ ਗੁ: ਭੰਗਾਣੀ ਸਾਹਿਬ ਅਤੇ ਪਾਉਂਟਾ ਸਾਹਿਬ ਵਿਖੇ ੨੨ ਜੂਨ ਸ਼ਾਮ ਤੋਂ ੨5 ਜੂਨ ਸਵੇਰ ਤੱਕ ਅਖੰਡ ਕੀਰਤਨ ਅਖਾੜੇ ਸਜਾਏ ਜਾਣਗੇ। ਵੇਰਵਾ ਆਉਂਦੇ ਪਰਚੇ ਵਿਚ ਵੇਖੋ ਜੀ

---

## ਸੂਰਾ ਸਹਾਇਤਾ ਫੰਡ ਵਿਚ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ- | 100/- | ਨਿਰਭੈ ਸਿੰਘ ਅੰਮ੍ਰਿਤਸਰ- | ੬0/- |
| ਗੁਪਤ- | 300/- | ਪਰਦੁਮਣ ਸਿੰਘ ਨਾਗਪੁਰ- | 500/- |
| ਸ੍ਰ ਰਣਧੀਰ ਸਿੰਘ- | 50/- | ਜਤਿੰਦਰ ਸਿੰਘ ਕੁਹਾੜਾ- | ੬0/- |
| ਗੁਪਤ- | 300/- | ਗੁਪਤ- | 50/- |



www.AKJ.Org

## ਗੁਰੂ ਪੰਥ

ਸੇਵਾ, ਕੇਵਲ ਪੱਖੇ ਲੰਗਰ ਆਦਿ ਤੇ ਹੀ ਨਹੀਂ ਮੁਕ ਜਾਂਦੀ; ਸਿੱਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਸੇਵਾ, ਸਫਲ ਉਹ ਹੈ, ਜੋ ਥੋੜ੍ਹੇ ਜਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਗੱਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ। ਸਿੱਖ ਨੇ ਇਸ ਲਈ ਸ਼ਖਸੀ ਧਰਮ ਪੂਰਾ ਕਰਦਿਆ ਹੋਇਆ ਨਾਲ ਹੀ ਪੰਥਕ ਫਰਜ਼ ਭੀ ਪੂਰੇ ਕਰਨੇ ਹਨ। ਇਸ ਜਥੇਬੰਦੀ ਦਾ ਨਾਂ, ਪੰਥ ਹੈ। ਹਰ ਇਕ ਸਿੱਖ ਨੇ ਪੰਥ ਦਾ ਇਕ ਅੰਗ ਹੋ ਕੇ ਭੀ ਆਪਣਾ ਧਰਮ ਨਿਭਾਉਣਾ ਹੈ।

(ੳ) 'ਗੁਰੂ ਪੰਥ' : ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਅਗਵਾਈ ਸੌਂਪੀ॥

## ਕਦੇ ਸੋਚਿਆ ?

ਮਨੁੱਖਤਾ ਦੇ ਕਲਿਆਣ ਲਈ ਗੁਰੂ ਗ੍ਰੰਥ ਸਾਹਿਬ ਦਾ ਸਰਬਕਾਲੀ ਤੇ ਸਰਬਦੇਸ਼ੀ ਸਿਧਾਂਤ ਅਤੇ ਵਿਚਾਰਧਾਰਾ ਇਕ ਨਵੇਂ-ਨਿਰੋਏ ਸਮਾਜ ਦੀ ਘਾੜਤ ਘੜਨ ਦੇ ਹਰ ਤਰ੍ਹਾਂ ਸਮਰੱਥ ਹੈ; ਇਕ ਅਜਿਹਾ ਸਮਾਜ, ਜਿਸ ਵਿਚ ਧਰਮ ਦਾ ਬੋਲਬਾਲਾ ਹੋਵੇ ਅਤੇ ਬੁਰਾਈਆ ਕੁਰੀਤੀਆਂ ਲਈ ਕੋਈ ਥਾਂ ਨਾ ਹੋਵੇ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਦੀ ਜ਼ਿਮੇਵਾਰੀ ਦਸਮ-ਪਾਤਸ਼ਾਹ ਵੱਲੋਂ 'ਗੁਰੂ-ਪੰਥ' ਨੂੰ ਸੌਂਪੀ ਗਈ ਹੈ। 'ਸਰਬੱਤ ਦੇ ਭਲੇ' ਲਈ ਗੁਰੂ ਗ੍ਰੰਥ ਸਾਹਿਬ ਦੇ ਸਰਬ-ਸਾਂਝੇ ਉਪਦੇਸ਼ ਨੂੰ ਦੁਨੀਆਂ ਦੇ ਕੋਨੇ-ਕੋਨੇ ਤਕ ਪਹੁੰਚਾਣ ਦਾ ਉਦਮ 'ਗੁਰੂ ਪੰਥ' ਦੇ ਵਾਰਸਾ ਨੂੰ ਹੀ ਕਰਨਾ ਪੈਣਾ ਹੈ।

## ਗੁਰੂ - ਪੰਥ : ਜਥੇਬੰਦੀ ਬਨਾਮ ਧੜੇਬੰਦੀ

ਸ: ਬਲਜੀਤ ਸਿੰਘ 'ਖਾਲਸਾ'

ਜਿਥੋਂ ਤੱਕ ਧੜੇਬੰਦੀ ਦਾ ਮਸਲਾ ਹੈ, ਇਹ ਜ਼ਿਆਦਾਤਰ ਜਥੇਬੰਦੀ ਵਿਚਲੇ ਅਯੋਗ ਬੰਦਿਆਂ ਕਾਰਨ ਪੈਦਾ ਹੁੰਦੀ ਹੈ। ਜੇਕਰ ਕਿਸੇ ਜਥੇਬੰਦੀ ਦੇ ਮਹੱਤਵਪੂਰਨ ਅਹੁਦਿਆਂ 'ਤੇ ਯੋਗ ਬੰਦੇ ਬੈਠੇ ਹੋਣ ਅਤੇ ਅਯੋਗ ਬੰਦੇ ਉਨ੍ਹਾਂ ਦੀ ਥਾਂ ਖੁਦ ਉੱਥੇ ਬੈਠਣਾ ਚਾਹੁਣ ਤਾਂ ਧੜੇਬੰਦੀ ਪੈਦਾ ਹੋ ਜਾਂਦੀ ਹੈ। ਜੇਕਰ ਜਥੇਬੰਦੀ ਦੇ ਮਹੱਤਵਪੂਰਨ ਅਹੁਦਿਆਂ 'ਤੇ ਅਯੋਗ ਬੰਦੇ ਬੈਠੇ ਹੋਣ ਅਤੇ ਉਹ ਯੋਗ ਬੰਦਿਆਂ ਨੂੰ ਇਨ੍ਹਾਂ ਅਹੁਦਿਆਂ ਦੇ ਨੇੜੇ ਵੀ ਨਾ ਫੜਕਣ ਦੇਣ ਤਾਂ ਉਥੇ ਵੀ ਧੜੇਬੰਦੀ ਪੈਦਾ ਹੋ ਜਾਂਦੀ ਹੈ, ਪਰ ਦੋਨਾਂ ਹੀ ਹਾਲਤਾਂ ਵਿਚ ਇਸ ਦੇ ਜ਼ਿੰਮੇਵਾਰ ਅਯੋਗ ਬੰਦੇ ਹੀ ਹੁੰਦੇ ਹਨ। ਇਸ ਤੋਂ ਇਲਾਵਾ ਇਕ ਤੀਜੀ ਹਾਲਤ ਵੀ ਹੁੰਦੀ ਹੈ ਜਦੋਂ ਇਕ ਜਥੇਬੰਦੀ ਵਿਚਲੀਆਂ ਦੋ ਯੋਗ ਸ਼ਖ਼ਸੀਅਤਾਂ ਇਕੋ ਹੀ ਅਹੁਦੇ ਲਈ ਉਮੀਦਵਾਰ ਹੋਣ, ਤਾਂ ਵੀ ਧੜੇਬੰਦੀ ਪੈਦਾ ਹੋ ਸਕਦੀ ਹੈ।

www.AKJ.Org

R.N.I. No. 12245/66 SURA MAY 2001 P.O. Regd. No. PB/0169/2001




ਪੰਚਮ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਮਨੁੱਖਤਾ ਦੇ ਕਲਿਆਨ ਹਿਤ ਸੰਸਾਰ ਵਿੱਚ ਸਭ ਤੋਂ ਵੱਡਾ
ਸਰੋਵਰ ਖੁਦਵਾ ਕੇ ਕਾਇਮ ਕੀਤਾ ਸਿੱਖੀ ਦਾ ਮਹਾਨ ਕੇਂਦਰ

ਇਸ ਅਸਥਾਨ ਤੇ ਸਮੂ[illegible] ਕੀਰਤਨੀ ਜੱਥਿਆਂ ਵੱਲੋਂ 12 ਮਈ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ।

SURA (Monthly) Kothi No. 12, Block-1. BHAI RANDHIR SINGH NAGAR, LUDHIANA-141 004

www.AKJ.org